23-JUNE-PAGE-1.qxd 6/22/2025 9:04 PM Page 1

ਸੋਮਵਾਰ, 23 ਜੂਨ, 2025
9 ਹਾੜ { ਨਾਨਕਸ਼ਾਹੀ 557 / ਬਿਕਰਮੀ 2082
ਜਿਲਦ/VOL. : 74
ਅੰਕ/NO. : 22

ਰੋਜ਼ਾਨਾ
ਨਵਾਂ ਜ਼ਮਾਨਾ

DAILY NAWAN ZAMANA • MONDAY, 23 JUNE, 2025
ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

You Tube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

ਘੜੰਮ ਚੌਧਰੀ ਟਲਿਆ ਨਹੀਂ

ਅਮਰੀਕਾ ਵੱਲੋਂ ਧੋਖੇ ਨਾਲ ਈਰਾਨ 'ਤੇ ਭਾਰੀ ਬੰਬਾਰੀ

ਟਰੰਪ ਨੇ ਖਤਰਨਾਕ ਜੰਗ ਛੇੜ ਲਈ : ਈਰਾਨ

ਵਾਸ਼ਿੰਗਟਨ : ਅਮਰੀਕੀ ਫੌਜ ਨੇ ਐਤਵਾਰ ਵੱਡੇ ਤੜਕੇ ਈਰਾਨ ਦੇ ਤਿੰਨ ਪ੍ਰਮਾਣੂ ਟਿਕਾਣਿਆਂ ਨੂੰ ਨਿਸ਼ਾਨਾ ਬਣਾਇਆ। ਅਮਰੀਕਾ ਇਨ੍ਹਾਂ ਹਮਲਿਆਂ ਨਾਲ ਇਜ਼ਰਾਈਲ ਵੱਲੋਂ ਈਰਾਨ ਦੇ ਪ੍ਰਮਾਣੂ ਪ੍ਰੋਗਰਾਮ ਖਿਲਾਫ ਵਿੱਢੀ ਲੜਾਈ ਵਿੱਚ ਸਿੱਧੇ ਤੌਰ 'ਤੇ ਸ਼ਾਮਲ ਹੋ ਗਿਆ ਹੈ। ਅਮਰੀਕਾ ਨੇ ਹਮਲੇ ਲਈ ਬੀ-6 ਬੰਕਰ ਬਸਟਰ ਬੰਬਾਂ ਤੇ ਕਰੂਜ਼ ਮਿਜ਼ਾਈਲਾਂ ਦੀ ਵਰਤੋਂ ਕੀਤੀ। ਅਮਰੀਕੀ ਹਮਲਿਆਂ ਤੋਂ ਬਾਅਦ ਈਰਾਨ ਨੇ ਤੇਲ ਅਵੀਵ ਦੇ ਨੇੜੇ ਕਈ ਇਜ਼ਰਾਈਲੀ ਟਿਕਾਣਿਆਂ ਦੇ ਨਾਲ-ਨਾਲ ਗੁਰੀਅਨ ਹਵਾਈ ਅੱਡੇ 'ਤੇ ਹਮਲਾ ਕਰਕੇ ਜਵਾਬੀ ਕਾਰਵਾਈ ਕੀਤੀ। ਈਰਾਨ ਨੇ ਹਾਈਫਾ ਅਤੇ ਤੇਲ ਅਵੀਵ 'ਤੇ ਦੋ ਥੈਚਾਂ ਵਿੱਚ 27 ਮਿਜ਼ਾਈਲਾਂ ਦਾਗੀਆਂ, ਜਿਸ ਵਿੱਚ ਘੱਟੋ-ਘੱਟ 11 ਲੋਕ ਜ਼ਖਮੀ ਹੋ ਗਏ।



ਅਮਰੀਕੀ ਹਮਲੇ ਨੂੰ ਸਿਚੂਏਸ਼ਨ ਰੂਮ ਵਿੱਚ ਬੈਠ ਕੇ ਦੇਖਦਾ ਟਰੰਪ।

ਰਾਸ਼ਟਰਪਤੀ ਡੋਨਾਲਡ ਟਰੰਪ ਨੇ ਵ੍ਹਾਈਟ ਹਾਊਸ ਵਿੱਚ ਰਾਸ਼ਟਰ ਦੇ ਨਾਂਅ ਆਪਣੇ ਸੰਬੋਧਨ ਵਿਚ ਕਿਹਾ ਕਿ ਈਰਾਨ ਦੇ ਪ੍ਰਮੁੱਖ ਪ੍ਰਮਾਣੂ ਟਿਕਾਣਿਆਂ ਨੂੰ 'ਪੂਰੀ ਤਰ੍ਹਾਂ ਨਾਲ ਤਬਾਹ' ਕਰ ਦਿੱਤਾ ਹੈ। ਉਸ ਨੇ ਈਰਾਨ ਨੂੰ ਜਵਾਬੀ ਕਾਰਵਾਈ ਖਿਲਾਫ ਚੇਤਾਵਨੀ ਦਿੰਦਿਆਂ ਕਿਹਾ ਕਿ ਈਰਾਨ ਨੂੰ 'ਸ਼ਾਂਤੀ ਜਾਂ ਦੁਖਾਂਤ' ਵਿੱਚੋਂ ਕਿਸੇ ਇੱਕ ਦੀ ਚੋਣ ਕਰਨੀ ਹੋਵੇਗੀ। ਉਧਰ, ਈਰਾਨ ਦੀ ਪ੍ਰਮਾਣੂ ਏਜੰਸੀ ਨੇ ਅਮਰੀਕਾ ਵੱਲੋਂ ਉਸ ਦੇ ਤਿੰਨ ਪ੍ਰਮਾਣੂ ਟਿਕਾਣਿਆਂ ਫੋਰਡੋ, ਇਸਫਹਾਨ ਤੇ ਨਾਤਨਜ਼ ਨੂੰ ਨਿਸ਼ਾਨਾ ਬਣਾਏ ਜਾਣ ਦੀ ਪੁਸ਼ਟੀ ਕੀਤੀ ਹੈ। ਈਰਾਨ ਨੇ ਹਾਲਾਂਕਿ ਜ਼ੋਰ ਦੇ ਕੇ ਕਿਹਾ ਕਿ ਉਸ ਦਾ ਕੰਮ ਨਹੀਂ ਰੁਕੇਗਾ। ਈਰਾਨ ਨੇ ਕਿਹਾ ਕਿ ਇਸਫਹਾਨ, ਫੋਰਡੋ, ਨਤਾਨਜ਼ ਅਤੇ ਹੋਰ ਪ੍ਰਮਾਣੂ ਟਿਕਾਣਿਆਂ 'ਤੇ ਅਮਰੀਕੀ ਹਮਲਿਆਂ ਤੋਂ ਬਾਅਦ 'ਰੇਡੀਏਸ਼ਨ ਦੇ ਰਿਸਾਅ ਦੇ ਕੋਈ ਸੰਕੇਤ' ਨਹੀਂ ਹਨ। ਅਮਰੀਕੀ ਹਮਲੇ ਮਗਰੋਂ ਇਜ਼ਰਾਈਲ ਨੇ ਈਰਾਨ ਦੀ ਜਵਾਬੀ ਕਾਰਵਾਈ ਦੇ ਮੱਦੇਨਜ਼ਰ ਆਪਣਾ ਹਵਾਈ ਖੇਤਰ ਬੰਦ ਕਰ ਦਿੱਤਾ ਹੈ।

ਟਰੰਪ ਨੇ ਮਗਰੋਂ ਸੋਸ਼ਲ ਮੀਡੀਆ 'ਤੇ ਇਕ ਪੋਸਟ ਵਿੱਚ ਕਿਹਾ, "ਅਸੀਂ ਈਰਾਨ ਦੇ ਤਿੰਨ ਪ੍ਰਮਾਣੂ ਟਿਕਾਣਿਆਂ ਫੋਰਡੋ, ਨਤਾਨਜ਼ ਅਤੇ ਇਸਫਾਹਨ 'ਤੇ ਕੀਤੇ ਹਮਲੇ ਵਿਚ ਸਫਲ ਰਹੇ ਹਾਂ। ਸਾਰੇ ਅਮਰੀਕੀ ਜਹਾਜ਼ ਹੁਣ ਈਰਾਨ ਦੇ ਹਵਾਈ ਖੇਤਰ 'ਚੋਂ ਬਾਹਰ ਹਨ। ਬੰਬਾਂ ਦਾ ਪੂਰਾ ਪੇਲੋਡ ਪ੍ਰਾਇਮਰੀ ਸਾਈਟ, ਫੋਰਡੋ 'ਤੇ ਸੁੱਟਿਆ ਗਿਆ ਸੀ। ਸਾਰੇ ਜਹਾਜ਼ ਸੁਰੱਖਿਅਤ ਢੰਗ ਨਾਲ ਆਪਣੇ ਟਿਕਾਣੇ 'ਤੇ ਵਾਪਸ ਜਾ ਰਹੇ ਹਨ। ਇਹ ਅਮਰੀਕਾ, ਇਜ਼ਰਾਈਲ ਤੇ ਕੁੱਲ ਆਲਮ ਲਈ ਇਤਿਹਾਸਕ ਪਲ ਹੈ। ਇਹ ਜੰਗ ਖਤਮ ਕਰਨ ਲਈ ਈਰਾਨ ਨੂੰ ਹੁਣ ਸਹਿਮਤ ਹੋਣਾ ਪਵੇਗਾ। ਧੰਨਵਾਦ!" ਫੋਰਡੋ ਨੂੰ ਈਰਾਨ ਦੇ ਸਭ ਤੋਂ ਸੁਰੱਖਿਅਤ ਪ੍ਰਮਾਣੂ ਟਿਕਾਣਿਆਂ ਵਿੱਚੋਂ ਇੱਕ ਮੰਨਿਆ ਜਾਂਦਾ ਹੈ। ਇਹ ਜ਼ਮੀਨ ਤੋਂ ਕਈ ਫੁੱਟ ਹੇਠਾਂ ਇੱਕ ਮਜ਼ਬੂਤ ??ਪ੍ਰਮਾਣੂ ਬੇਸ ਹੈ, ਜਿਸ ਨੂੰ ਅਮਰੀਕਾ ਨੇ ਤਬਾਹ ਕਰਨ ਦਾ ਦਾਅਵਾ ਕੀਤਾ ਹੈ।

ਇਜ਼ਰਾਈਲੀ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਈਰਾਨ 'ਤੇ ਹਮਲਾ ਕਰਨ ਦੇ ਫੈਸਲੇ ਲਈ ਟਰੰਪ ਦੀ ਤਾਰੀਫ ਕੀਤੀ ਹੈ। ਨੇਤਨਯਾਹੂ ਨੇ ਕਿਹਾ, "ਈਰਾਨ ਦੇ ਪ੍ਰਮਾਣੂ ਟਿਕਾਣਿਆਂ ਨੂੰ ਨਿਸ਼ਾਨਾ ਬਣਾਉਣ ਦਾ ਤੁਹਾਡਾ ਦਲੇਰਾਨਾ ਫੈਸਲਾ ਇਤਿਹਾਸ ਬਦਲ ਦੇਵੇਗਾ।" ਨੇਤਨਯਾਹੂ ਨੇ ਕਿਹਾ ਕਿ ਅਮਰੀਕਾ ਨੇ ਉਹ ਕੀਤਾ ਹੈ ਜੋ ਧਰਤੀ 'ਤੇ ਕੋਈ ਹੋਰ ਮੁਲਕ ਨਹੀਂ ਕਰ ਸਕਦਾ ਸੀ।

ਇਸ ਦੌਰਾਨ ਵ੍ਹਾਈਟ ਹਾਊਸ ਅਤੇ ਪੈਂਟਾਗਨ ਨੇ ਤੁਰੰਤ ਕਾਰਵਾਈ ਬਾਰੇ ਵਿਸਥਾਰ ਵਿੱਚ ਨਹੀਂ ਦੱਸਿਆ, ਪਰ ਫੌਕਸ ਨਿਊਜ਼ ਦੇ ਮੇਜ਼ਬਾਨ ਸੀਨ ਹੈਨੀਟੀ ਨੇ ਕਿਹਾ ਕਿ ਉਸ ਨੇ ਟਰੰਪ ਨਾਲ ਗੱਲ ਕੀਤੀ ਹੈ ਅਤੇ ਫੋਰਡੋ (ਪ੍ਰਮਾਣੂ ਟਿਕਾਣੇ) ਨੂੰ ਨਿਸ਼ਾਨਾ ਬਣਾਉਣ ਲਈ ਛੇ ਬੰਕਰ ਬਸਟਰ ਬੰਬ ਵਰਤੇ ਗਏ ਸਨ। 400 ਮੀਲ ਦੂਰ ਅਮਰੀਕੀ ਪਣਡੁੱਬੀਆਂ ਵੱਲੋਂ ਦਾਗੀਆਂ ਗਈਆਂ 30 ਟੋਮਾਹਾਕ ਮਿਜ਼ਾਈਲਾਂ ਨੇ ਈਰਾਨ ਦੇ ਨਤਾਨਜ਼ ਅਤੇ ਇਸਫਹਾਨ ਪ੍ਰਮਾਣੂ ਟਿਕਾਣਿਆਂ ਨੂੰ ਨਿਸ਼ਾਨਾ ਬਣਾਇਆ।

ਟਰੰਪ ਨੇ ਸ਼ੁੱਕਰਵਾਰ ਪੱਤਰਕਾਰਾਂ ਅੱਗੇ ਦਾਅਵਾ ਕੀਤਾ ਸੀ ਉਸ ਦੀ ਈਰਾਨ ਵਿਚ ਅਮਰੀਕੀ ਫੌਜਾਂ ਨੂੰ ਭੇਜਣ ਵਿੱਚ ਕੋਈ ਦਿਲਚਸਪੀ ਨਹੀਂ ਹੈ। ਇਸ ਤੋਂ ਪਹਿਲਾਂ ਉਸ ਨੇ ਇਸ਼ਾਰਾ ਕੀਤਾ ਸੀ ਕਿ ਉਹ ਇਸ ਬਾਰੇ ਅਗਲੇ ਦੋ ਹਫਤਿਆਂ ਵਿੱਚ ਫੈਸਲਾ ਕਰੇਗਾ।

ਈਰਾਨ ਦੇ ਸੁਪਰੀਮ ਆਗੂ ਅਯਾਤੁੱਲਾ ਅਲੀ ਖਾਮੇਨੇਈ ਨੇ ਬੁੱਧਵਾਰ ਅਮਰੀਕਾ ਨੂੰ ਚੇਤਾਵਨੀ ਦਿੱਤੀ ਸੀ ਕਿ ਇਸਲਾਮਿਕ ਗਣਰਾਜ ਨੂੰ ਨਿਸ਼ਾਨਾ ਬਣਾਉਣ ਵਾਲੇ ਹਮਲਿਆਂ ਦੇ ਨਤੀਜੇ ਵਜੋਂ ਉਸ ਨੂੰ ਕਦੇ ਵੀ ਪੂਰਾ ਨਾ ਹੋਣ ਸਕਣ ਵਾਲਾ ਨੁਕਸਾਨ ਝੱਲਣਾ ਹੋਵੇਗਾ।

ਅਮਰੀਕੀ ਹਵਾਈ ਹਮਲਿਆਂ ਮਗਰੋਂ ਕੌਮਾਂਤਰੀ ਪੱਧਰ 'ਤੇ ਤਣਾਅ ਵਧ ਗਿਆ ਹੈ। ਇਸ ਮੁੱਦੇ 'ਤੇ ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਅੰਤੋਨੀਓ ਗੁਤੇਰੇਸ ਨੇ ਵੱਡਾ ਫਿਕਰ ਜਤਾਉਂਦਿਆਂ ਇਸ ਨੂੰ 'ਸੰਭਾਵੀ ਤਬਾਹਕੁੰਨ ਨਤੀਜਿਆਂ' ਵਾਲੀ ਪੇਸ਼ਕਦਮੀ ਦੱਸਿਆ ਹੈ। ਉਨ੍ਹਾ ਕਿਹਾ, "ਇਸ ਗੱਲ ਦਾ ਵੱਡਾ ਜੋਖ਼ਮ ਹੈ ਕਿ ਇਹ ਟਕਰਾਅ ਤੇਜ਼ੀ ਨਾਲ ਕਾਬੂ ਤੋਂ ਬਾਹਰ ਹੋ ਸਕਦਾ ਹੈ, ਜਿਸ ਦੇ ਨਾਗਰਿਕਾਂ, ਖਿੱਤੇ ਤੇ ਕੁੱਲ ਆਲਮ ਲਈ ਤਬਾਹਕੁੰਨ ਨਤੀਜੇ ਹੋ ਸਕਦੇ ਹਨ।" ਉਨ੍ਹਾ ਸਾਰੀਆਂ ਸੰਬੰਧਤ ਧਿਰਾਂ ਨੂੰ ਸੰਜਮ ਵਰਤਣ ਅਤੇ ਕੂਟਨੀਤਕ ਹੱਲ ਵੱਲ ਵਧਣ ਦੀ ਅਪੀਲ ਕੀਤੀ ਹੈ। ਉਨ੍ਹਾ ਕਿਹਾ, "ਇਸ ਨਾਜ਼ੁਕ ਸਮੇਂ ਇਹ ਬਹੁਤ ਜ਼ਰੂਰੀ ਹੈ ਕਿ ਅਸੀਂ ਹਫੜਾ-ਦਫੜੀ ਦੇ ਚੱਕਰ ਤੋਂ ਬਚੀਏ।"

ਈਰਾਨ ਦੇ ਵਿਦੇਸ਼ ਮੰਤਰੀ ਅੱਬਾਸ ਅਰਾਗਚੀ ਨੇ ਕਿਹਾ ਕਿ ਅਮਰੀਕਾ ਨੇ ਈਰਾਨ ਖਿਲਾਫ ਖਤਰਨਾਕ ਜੰਗ ਛੇੜ ਦਿੱਤੀ ਹੈ। ਈਰਾਨ ਕੋਲ ਅਮਰੀਕੀ ਹਮਲਿਆਂ ਦਾ ਜਵਾਬ ਦੇਣ ਲਈ ਸਾਰੇ ਬਦਲ ਰਾਖਵੇਂ ਹਨ। ਉਨ੍ਹਾ ਕਿਹਾ, "ਕੁੱਲ ਆਲਮ ਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਇਹ ਅਮਰੀਕਾ ਹੈ, ਜਿਸ ਨੇ ਚੱਲ ਰਹੀ ਕੂਟਨੀਤਕ ਪ੍ਰਕਿਰਿਆ ਦੌਰਾਨ ਨਸਲਕੁਸ਼ੀ ਅਤੇ ਕਾਨੂੰਨਹੀਣ ਇਜ਼ਰਾਈਲੀ ਨਿਜ਼ਾਮ ਦੀਆਂ ਹਮਲਾਵਰ

• ਬਾਕੀ ਸਫਾ 2 'ਤੇ

ਮੋਦੀ ਦੀ ਪੇਜ਼ੇਸ਼ਕਿਅਨ ਨਾਲ ਫੋਨ 'ਤੇ ਗੱਲਬਾਤ

ਨਵੀਂ ਦਿੱਲੀ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਈਰਾਨੀ ਰਾਸ਼ਟਰਪਤੀ ਮਸੂਦ ਪੇਜ਼ੇਸ਼ਕਿਅਨ ਨਾਲ ਫੋਨ 'ਤੇ ਗੱਲਬਾਤ ਕਰਦਿਆਂ ਟਕਰਾਅ ਵਧਣ 'ਤੇ ਡੂੰਘੀ ਚਿੰਤਾ ਪ੍ਰਗਟਾਈ ਅਤੇ ਫੌਰੀ ਗੱਲਬਾਤ 'ਤੇ ਜ਼ੋਰ ਦਿੱਤਾ।

ਟਰੰਪ ਨੂੰ ਨੋਬੇਲ ਦਿਵਾਉਂਦੇ ਪਾਕਿਸਤਾਨ ਵੱਲੋਂ ਵੀ ਨਿੰਦਾ

ਇਸਲਾਮਾਬਾਦ : ਭਾਰਤ ਨਾਲ ਲੜਾਈ ਰੁਕਵਾਉਣ ਬਦਲੇ ਟਰੰਪ ਨੂੰ ਨੋਬੇਲ ਅਮਨ ਇਨਾਮ ਦੇਣ ਦੀ ਵਕਾਲਤ ਕਰਨ ਵਾਲੇ ਪਾਕਿਸਤਾਨ ਨੇ ਈਰਾਨ 'ਤੇ ਅਮਰੀਕੀ ਹਮਲੇ ਦੀ ਸਖਤ ਨਿੰਦਾ ਕੀਤੀ ਹੈ। ਉਸਨੇ ਕਿਹਾ ਹੈ ਕਿ ਇਸ ਨਾਲ ਖੇਤਰ ਵਿੱਚ ਤਣਾਅ ਹੋਰ ਵਧ ਸਕਦਾ ਹੈ, ਜਿਸ ਕਾਰਨ ਉਹ ਬਹੁਤ ਚਿੰਤਤ ਹੈ। ਉਸਨੇ ਈਰਾਨ, ਇਜ਼ਰਾਈਲ ਅਤੇ ਅਮਰੀਕਾ ਨੂੰ ਗੱਲਬਾਤ ਰਾਹੀਂ ਮਸਲੇ ਦਾ ਹੱਲ ਕਰਨ ਦਾ ਸੁਝਾਅ ਦਿੱਤਾ ਹੈ।

ਪਾਕਿ ਲਈ ਜਾਸੂਸੀ ਕਰਨ ਦੇ ਦੋਸ਼ 'ਚ ਦੋ ਗ੍ਰਿਫ਼ਤਾਰ

ਅੰਮ੍ਰਿਤਸਰ : ਦਿਹਾਤੀ ਪੁਲਸ ਨੇ ਪਾਕਿਸਤਾਨ ਦੀ ਇੰਟਰ-ਸਰਵਿਸਿਜ਼ ਇੰਟੈਲੀਜੈਂਸ (ਆਈ ਐੱਸ ਆਈ) ਲਈ ਜਾਸੂਸੀ ਕਰਨ ਦੇ ਦੋਸ਼ ਹੇਠ ਗੁਰਪ੍ਰੀਤ ਸਿੰਘ ਉਰਫ ਗੋਪੀ ਫੌਜੀ ਅਤੇ ਸਾਹਿਲ ਮਸੀਹ ਉਰਫ ਸ਼ਾਲੀ ਨੂੰ ਗ੍ਰਿਫ਼ਤਾਰ ਕੀਤਾ ਹੈ। ਡੀ ਜੀ ਪੀ ਗੌਰਵ ਯਾਦਵ ਨੇ ਦੱਸਿਆ ਕਿ ਗੁਰਪ੍ਰੀਤ ਸਿੰਘ ਆਈ ਐੱਸ ਆਈ ਦੇ ਕਾਰਕੁੰਨਾਂ ਦੇ ਸਿੱਧੇ ਸੰਪਰਕ ਵਿੱਚ ਸੀ। ਉਸ 'ਤੇ ਪੈਨ ਡਰਾਈਵ ਰਾਹੀਂ ਸੰਵੇਦਨਸ਼ੀਲ ਅਤੇ ਗੁਪਤ ਜਾਣਕਾਰੀ ਸਾਂਝੀ ਕਰਨ ਦਾ ਸ਼ੱਕ ਹੈ। ਆਈ ਐੱਸ ਆਈ ਹੈਂਡਲਰ ਦੀ ਪਛਾਣ ਰਾਣਾ ਜਾਵੇਦ ਵਜੋਂ ਹੋਈ ਹੈ। ਪੁਲਸ ਨੇ ਆਈ ਐੱਸ ਆਈ ਕਾਰਕੁੰਨਾਂ ਨਾਲ ਗੱਲਬਾਤ ਕਰਨ ਲਈ ਵਰਤੇ ਗਏ ਦੋ ਮੋਬਾਈਲ ਫੋਨ ਵੀ ਜ਼ਬਤ ਕੀਤੇ ਹਨ।

ਵਜ਼ੂਖਾਨੇ 'ਤੇ ਬੁਲਡੋਜ਼ਰ ਚਲਾਇਆ

ਨਵੀਂ ਦਿੱਲੀ : ਐਤਵਾਰ ਮੰਗੋਲਪੁਰੀ ਵਿੱਚ ਵਾਈ-ਬਲਾਕ ਜਾਮਾ ਮਸਜਿਦ ਦੇ ਵਜ਼ੂਖਾਨੇ 'ਤੇ ਬੁਲਡੋਜ਼ਰ ਦੀ ਵਰਤੋਂ ਕੀਤੀ ਗਈ। ਪੁਲਸ ਫੋਰਸ ਦੀ ਮੌਜੂਦਗੀ ਵਿੱਚ, ਨਗਰ ਨਿਗਮ ਦੇ ਪੰਜ ਬੁਲਡੋਜ਼ਰਾਂ ਨੇ ਮਸਜਿਦ ਦੇ ਵਜ਼ੂਖਾਨੇ 'ਤੇ ਕਾਰਵਾਈ ਕੀਤੀ। ਪਿਛਲੇ ਸਾਲ ਵੀ ਨਗਰ ਨਿਗਮ ਨੇ ਮਸਜਿਦ ਦੇ ਇਸੇ ਵਜ਼ੂਖਾਨੇ 'ਤੇ ਬੁਲਡੋਜ਼ਰ ਦੀ ਵਰਤੋਂ ਕੀਤੀ ਸੀ।

ਬਿਨਾਂ ਰੁਕੇ 37 ਘੰਟੇ ਦੀ ਉਡਾਣ

ਅਮਰੀਕਾ ਦੇ ਬੀ-2 ਬੰਬਾਰਾਂ ਨੇ ਮਿਸੂਰੀ ਰਾਜ ਤੋਂ ਉਡਾਣ ਭਰੀ। ਉਹ 37 ਘੰਟੇ ਅਸਮਾਨ ਵਿੱਚ ਰਹੇ। ਮਿਸੂਰੀ ਤੋਂ ਤਹਿਰਾਨ ਤੱਕ ਦੀ ਦੂਰੀ ਨੂੰ ਕਵਰ ਕਰਦੇ ਹੋਏ ਅਤੇ ਹਵਾਈ ਹਮਲੇ ਦੌਰਾਨ ਇਨ੍ਹਾਂ ਜਹਾਜ਼ਾਂ ਨੂੰ ਹਵਾ ਵਿੱਚ ਕਈ ਵਾਰ ਰਿਫਿਊਲ ਕੀਤਾ ਗਿਆ, ਜਿਸ ਤੋਂ ਬਾਅਦ ਉਨ੍ਹਾਂ ਨੇ ਈਰਾਨ ਵਿੱਚ ਸਭ ਤੋਂ ਭਿਆਨਕ ਹਮਲਾ ਕੀਤਾ।

ਈਰਾਨ ਰੂਸ ਨਾਲ ਗੱਲ ਕਰਕੇ ਨਵੀਂ ਰਣਨੀਤੀ ਬਣਾਏਗਾ

ਮਾਸਕੋ : ਅਮਰੀਕਾ ਦੇ ਈਰਾਨ 'ਤੇ ਹਮਲੇ ਤੋਂ ਬਾਅਦ ਰੂਸ ਨੇ ਕਿਹਾ ਹੈ ਕਿ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਦੀ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨਾਲ ਫੋਨ 'ਤੇ ਗੱਲਬਾਤ ਕਰਨ ਦੀ ਕੋਈ ਯੋਜਨਾ ਨਹੀਂ ਹੈ।

ਦੂਜੇ ਪਾਸੇ ਈਰਾਨ ਨੇ ਕਿਹਾ ਕਿ ਉਹ ਆਪਣੇ ਦੇਸ਼ 'ਤੇ ਹੋ ਰਹੇ ਹਮਲਿਆਂ ਦੇ ਮੱਦੇਨਜ਼ਰ ਰੂਸ ਨਾਲ ਸਲਾਹ ਕਰ ਕੇ ਨਵੀਂ ਰਣਨੀਤੀ ਉਲੀਕੇਗਾ ਤੇ ਆਪਣੀ ਸੁਰੱਖਿਆ ਲਈ ਸਾਰੇ ਵਿਕਲਪ ਰਾਖਵੇਂ ਰੱਖੇਗਾ।

ਇਹ ਜਾਣਕਾਰੀ ਵਿਦੇਸ਼ ਮੰਤਰੀ ਅੱਬਾਸ ਅਰਾਘਚੀ ਨੇ ਸਾਂਝੀ ਕਰਦਿਆਂ ਕਿਹਾ ਕਿ ਅਮਰੀਕਾ ਨੇ ਦਿਖਾ ਦਿੱਤਾ ਹੈ ਕਿ ਉਹ ਕੌਮਾਂਤਰੀ ਕਾਨੂੰਨ ਦਾ ਕੋਈ ਸਨਮਾਨ ਨਹੀਂ ਕਰਦਾ। ਉਹ ਸਿਰਫ ਧਮਕੀ ਅਤੇ ਤਾਕਤ ਦੀ ਭਾਸ਼ਾ ਨੂੰ ਸਮਝਦਾ ਹੈ। ਉਹ ਕਿਹਾ ਕਿ ਉਹ ਰੂਸ ਜਾਣਗੇ ਅਤੇ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਨਾਲ ਸਲਾਹ-ਮਸ਼ਵਰਾ ਕਰਨਗੇ।

ਦੂਜੇ ਪਾਸੇ ਕਰੈਮਲਿਨ ਨੇ ਕਿਹਾ ਕਿ ਪੂਤਿਨ ਦੀ ਈਰਾਨ ਦੇ ਪ੍ਰਮਾਣੂ ਟਿਕਾਣਿਆਂ 'ਤੇ ਅਮਰੀਕੀ ਬੰਬਾਰੀ ਤੋਂ ਬਾਅਦ ਟਰੰਪ ਨੂੰ ਫੋਨ ਕਰਨ ਦੀ ਕੋਈ ਯੋਜਨਾ ਨਹੀਂ ਹੈ। ਕਰੈਮਲਿਨ ਦੇ ਬੁਲਾਰੇ ਦਮਿਤਰੀ ਪੇਸ਼ਕੋਵ ਨੇ ਕਿਹਾ ਕਿ ਇਸ ਤਰ੍ਹਾਂ ਦੀਆਂ ਕੋਈ ਯੋਜਨਾਵਾਂ ਨਹੀਂ ਹਨ। ਹਾਲਾਂਕਿ ਉਨ੍ਹਾ ਕਿਹਾ ਕਿ ਲੋੜ ਪੈਣ 'ਤੇ ਫੋਨ 'ਤੇ ਗੱਲਬਾਤ ਕੀਤੀ ਜਾ ਸਕਦੀ ਹੈ।

ਅਮਰੀਕਾ ਇਰਾਕ ਦੁਹਰਾ ਰਿਹੈ : ਚੀਨ

ਬੀਜਿੰਗ : ਚੀਨੀ ਵਿਦੇਸ਼ ਮੰਤਰਾਲੇ ਨੇ ਹਮਲੇ ਦੀ ਕਰੜੀ ਨਿੰਦਾ ਕੀਤੀ ਹੈ। ਚੀਨੀ ਸਰਕਾਰੀ ਮੀਡੀਆ ਨੇ ਪੁੱਛਿਆ ਹੈ ਕਿ ਕੀ ਅਮਰੀਕਾ ਈਰਾਨ ਵਿੱਚ ਇਰਾਕ ਵਾਲੀ ਗਲਤੀ ਤਾਂ ਨਹੀਂ ਦੁਹਰਾ ਰਿਹਾ? ਉਸਨੇ ਕਿਹਾ ਕਿ ਅਮਰੀਕੀ ਹਮਲੇ ਖਤਰਨਾਕ ਮੋੜ ਹਨ। ਇਤਿਹਾਸ ਨੇ ਵਾਰ-ਵਾਰ ਦਿਖਾਇਆ ਹੈ ਕਿ ਮੱਧ-ਪੂਰਬ ਵਿੱਚ ਫੌਜੀ ਦਖਲ ਨੇ ਅਣਕਿਆਸੇ ਨਤੀਜੇ ਪੈਦਾ ਕੀਤੇ ਹਨ। ਲੰਮੀਆਂ ਜੰਗਾਂ ਨੇ ਖਿੱਤੇ ਨੂੰ ਅਸਥਿਰ ਕੀਤਾ ਹੈ। 2003 ਵਿੱਚ ਇਰਾਕ 'ਚ ਅਮਰੀਕੀ ਦਖਲ ਇਸਦੀ ਮਿਸਾਲ ਹੈ।

ਇਸਨੇ ਕਿਹਾ ਹੈ ਕਿ ਕੂਟਨੀਤਕ ਪਹੁੰਚ ਨਾਲ ਹੀ ਮੱਧ-ਪੂਰਬ ਵਿੱਚ ਸਥਿਰਤਾ ਸੰਭਵ ਹੈ। ਯਮਨ ਦੇ ਹੂਤੀ ਲੜਾਕਿਆਂ ਦੇ ਬੁਲਾਰੇ ਯਾਹੀਆ ਸਰੀਆ ਨੇ ਕਿਹਾ ਹੈ ਕਿ ਉਹ ਲਾਲ ਸਾਗਰ ਵਿੱਚ ਤਾਇਨਾਤ ਅਮਰੀਕੀ ਜਹਾਜ਼ਾਂ ਨੂੰ ਨਿਸ਼ਾਨਾ ਬਣਾਉਣਗੇ। ਤੁਰਕੀ ਨੇ ਕਿਹਾ ਹੈ ਕਿ ਅਮਰੀਕੀ ਹਮਲੇ ਨਾਲ ਟਕਰਾਅ ਫੈਲਣ ਦਾ ਜੋਖਮ ਹੈ ਤੇ ਵੱਡੇ ਪੱਧਰ 'ਤੇ ਅਸਥਿਰਤਾ ਪੈਦਾ ਹੋਵੇਗੀ। ਪੋਪ ਲਿਓ ਨੇ ਕਿਹਾ ਹੈ ਕਿ ਮਨੁੱਖਤਾ ਅਮਨ ਲਈ ਚੀਕ ਰਹੀ ਹੈ।

ਇੰਜੀਨੀਅਰ ਖੋਸਾ ਵੱਲੋਂ 25000 ਰੁਪਏ ਦਾ ਯੋਗਦਾਨ

ਮੋਗਾ : ਭਾਰਤੀ ਕਮਿਊਨਿਸਟ ਪਾਰਟੀ ਦੀ ਸਤੰਬਰ ਵਿੱਚ ਚੰਡੀਗੜ੍ਹ ਵਿਖੇ ਹੋਣ ਵਾਲੀ 25ਵੀਂ ਕਾਂਗਰਸ ਲਈ ਇੰਜੀਨੀਅਰ ਸਵਰਨ ਸਿੰਘ ਖੋਸਾ ਵੱਲੋਂ 25000 ਰੁਪਏ ਦਾ ਯੋਗਦਾਨ ਪਾਇਆ ਗਿਆ।ਉਨ੍ਹਾਂ ਇਹ ਰਕਮ ਭਾਰਤੀ ਕਮਿਊਨਿਸਟ ਪਾਰਟੀ ਦੇ ਜਿਲ੍ਹਾ ਸਕੱਤਰ ਕਾਮਰੇਡ ਕੁਲਦੀਪ ਸਿੰਘ ਭੋਲਾ ਅਤੇ ਡਾਕਟਰ ਇੰਦਰਵੀਰ ਗਿੱਲ ਰਾਹੀਂ ਭੇਜੀ।ਸਾਥੀ ਸਵਰਨ ਸਿੰਘ ਖੋਸਾ ਵਿਦਿਆਰਥੀ ਜੀਵਨ ਤੋਂ ਹੀ ਕਮਿਊਨਿਸਟ ਵਿਚਾਰਧਾਰਾ ਨਾਲ ਜੁੜ ਗਏ ਸਨ ਅਤੇ ਉਹ ਆਲ ਇੰਡੀਆ ਸਟੂਡੈਂਟਸ ਫੈਡਰੇਸ਼

ਦਇਆਨੰਦ ਮਾਡਲ ਹਾਈ ਸਕੂਲ ਵਿਖੇ ਐਲੂਮਨੀ ਮੀਟ ਕਰਵਾਈ

ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)-ਦਯਾਨੰਦ ਮਾਡਲ ਹਾਈ ਸਕੂਲ ਵੱਲੋ ਸਥਾਨਕ ਮਾਤਾ ਨੈਨਾ ਆਰੀਆ ਧਰਮਸ਼ਾਲਾ ਵਿੱਖੇ ਪ੍ਰਧਾਨ ਯਸ਼ਪਾਲ ਸਿੰਗਲਾ ਤੇ ਪ੍ਰਿੰਸੀਪਲ ਅੰਜੂ ਡੈਂਬਲਾ ਦੀ ਅਗਵਾਈ ਵਿੱਚ ਐਲੂਮਨੀ ਮੀਟ 2025 ਦਾ ਆਯੋਜਨ ਕੀਤਾ ਗਿਆ।ਇਸ ਮੀਟ ਵਿੱਚ ਦਯਾਨੰਦ ਮਾਡਲ ਹਾਈ ਸਕੂਲ ਵਿੱਚ 2017 ਤੋਂ 2024 ਤੱਕ ਦਸਵੀਂ ਪਾਸ ਕਰ ਕੇ ਗਏ ਵਿਦਆਰਥੀਆਂ ਨੇ ਹਿੱਸਾ ਲਿਆ।ਇਸ ਦੀ ਸ਼ੁਰੂਆਤ ਰਾਸ਼ਟਰੀ ਗੀਤ ਨਾਲ ਕੀਤੀ ਗਈ। ਦਯਾਨੰਦ ਮਾਡਲ ਹਾਈ ਸਕੂਲ ਦੇ ਵਿਦਿਆਰਥੀਆਂ ਵੱਲੋਂ ਗਾਯਤ੍ਰੀ ਮੰਤਰ ਗਿੱਧਾ ਤੇ ਭੰਗੜਾ ਵੀ ਪੇਸ਼ ਕੀਤਾ ਗਿਆ।10ਵੀਂ ਪਾਸ ਕਰ ਕੇ ਗਏ ਕੁੱਝ ਵਿਦਆਰਥੀਆਂ ਨੇ ਸਕੂਲ ਦੀਆਂ ਯਾਦਾਂ ਨੂੰ ਯਾਦ ਕਰਦੇ ਹੋਏ ਕਿਹਾ ਕਿ ਸਕੂਲ ਵਿੱਚੋਂ ਪ੍ਰਾਪਤ ਸਿੱਖਿਆ ਤੇ ਨੈਤਿਕ ਗੁਣਾਂ ਕਰਕੇ ਹੀ ਪੜ੍ਹਾਈ ਦੇ ਖਤੇਰ ਵਿੱਚ ਅੱਗੇ ਵਧ ਰਹੇ ਹਨ, ਉਥੇ ਹੀ ਸੰਸਥਾ ਦੇ ਪ੍ਰਧਾਨ ਯਸ਼ਪਾਲ ਸਿੰਗਲਾ ਨੇ ਕਿਹਾ ਕਿ ਸਾਡਾ ਮੱਕਸਦ ਇਨ੍ਹਾਂ ਵਿਦਆਰਥੀਆਂ ਨੂੰ ਇੱਥੇ ਬੁਲਾਉਣ ਦਾ ਇਹ ਕਿ ਇਨ੍ਹਾਂ ਦਾ ਆਪਸੀ ਮੇਲ ਜੋਲ ਬਣਿਆ ਰਹੇ, ਉੱਥੇ ਹੀ ਜੇਕਰ ਕਿਸੇ ਵੀ ਵਿਦਿਆਰਥੀ ਨੂੰ ਆਪਣੀ ਪੜ੍ਹਾਈ ਵਿੱਚ ਕਿੱਸੇ ਵੀ ਤਰ੍ਹਾਂ ਦੀ ਕੋਈ ਸਮੱਸਿਆ ਆ ਰਹੀ ਹੈ ਤਾਂ ਉਨ੍ਹਾਂ ਦੀ ਮਦਦ ਕਰਨ ਲਈ ਆਰੀਆ ਸਮਾਜ ਹਮੇਸ਼ਾ ਤਿਆਰ ਹੈ।ਇਸ ਮੌਕੇ ਦਯਾਨੰਦ ਮਾਡਲ ਹਾਈ ਸਕੂਲ ਦੀ ਪ੍ਰਿੰਸਪਲ ਅੰਜੂ ਡੈਂਬਲਾ ਨੇ ਆਏ ਸਾਰੇ ਵਿਦਿਆਰਥੀਆਂ ਦਾ ਧੰਨਵਾਦ ਕੀਤਾ।ਇਸ ਮੌਕੇ 128 ਵਿਦਿਆਰਥੀਆਂ ਨੇ ਭਾਗ ਲਿਆ, ਜਿਨ੍ਹਾਂ ਨੂੰ ਦਯਾਨੰਦ ਮਾਡਲ ਹਾਈ ਸਕੂਲ ਵੱਲੋਂ ਸਨਮਾਨਤ ਵੀ ਕੀਤਾ ਗਿਆ।ਇਸ ਮੌਕੇ ਸੰਸਥਾ ਦੇ ਮੰਤਰੀ ਨਰਾਇਣ ਦਾਸ, ਰਜਿੰਦਰ ਪ੍ਰਸ਼ਾਦ ਹੈਪੀ, ਅਸ਼ੋਕ ਗਰਗ, ਗੋਬਿੰਦ ਬੱਬਰ, ਧਰਮਪਾਲ ਆਰੀਆ, ਸੀਤਾ ਰਾਮ ਗੁਪਤਾ, ਜਗਦੀਸ਼ ਵਰਮਾ ਤੋਂ ਇਲਾਵਾ ਆਰੀਆ ਇਸਤਰੀ ਸਮਾਜ ਤੇ ਦਯਾਨੰਦ ਸਕੂਲ ਦਾ ਸਟਾਫ਼ ਮੌਜੂਦ ਸੀ।

ਮਾਸਟਰ ਗੁਰਦੇਵ ਸਿੰਘ ਦੀ ਯਾਦ 'ਚ ਛਬੀਲ ਲਗਾਈ

ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)-ਮਾਸਟਰ ਗੁਰਦੇਵ ਸਿੰਘ ਛੱਤਿਆਣਾ ਜੋ ਕਿ ਕਾਫੀ ਸਮੇਂ ਤੋਂ ਕੈਨੇਡਾ ਵਿਖੇ ਰਹਿ ਰਹੇ ਸਨ, ਜਿਨ੍ਹਾਂ ਦਾ ਬੀਤੇ ਦਿਨ ਕੈਨੇਡਾ ਵਿੱਚ ਦਿਹਾਂਤ ਹੋ ਗਿਆ। ਪਿੰਡ ਵਾਸੀਆਂ ਨੇ ਉਨ੍ਹਾਂ ਦੀ ਮੌਤ ਹੋਣ ਦੀ ਖਬਰ ਸੁਣ ਕੇ ਬਹੁਤ ਅਫਸੋਸ ਜ਼ਾਹਰ ਕੀਤਾ। ਮਾਸਟਰ ਗੁਰਦੇਵ ਸਿੰਘ ਜੀ ਨਰੂਲਾ ਪਰਵਾਰ ਵਿੱਚੋਂ ਇੱਕ ਸਿਰਕੱਢ ਸਮਾਜ ਸੇਵੀ ਦੇ ਤੌਰ ਉੱਭਰ ਕੇ ਸਾਹਮਣੇ ਆਏ। ਇਸ ਕਰਕੇ ਮਾਸਟਰ ਜੀ ਆਪਣੇ ਪਿੰਡ ਛੱਤਿਆਣਾ ਨੂੰ ਬਹੁਤ ਪਿਆਰ ਕਰਦੇ ਸਨ। ਮਾਸਟਰ ਜੀ ਜਦੋਂ ਵੀ ਆਪਣੇ ਪਿੰਡ ਛੱਤਿਆਣਾ ਵਿਖੇ ਆਉਂਦੇ ਤਾਂ ਉਹ ਪਿੰਡ ਦੀ ਲੋਕਲ ਕਮੇਟੀ ਨੂੰ ਕੁਝ ਨਾ ਕੁਝ ਦਾਨ ਪੁੰਨ ਕਰਕੇ ਹੀ ਜਾਂਦੇ, ਸਕੂਲੀ ਬੱਚਿਆਂ ਨੂੰ ਬੂਟ, ਜ਼ੁਰਾਬਾਂ, ਵਰਦੀਆਂ, ਕਾਪੀਆਂ, ਕਿਤਾਬਾਂ ਦਿੰਦੇ ਸਨ ਅਤੇ ਪਿੰਡ ਵਿੱਚ ਲੰਗਰ ਵੀ ਲਗਾਉਂਦੇ ਸਨ। ਲੋੜਵੰਦ ਬਰੀਬ ਦੀ ਮਦਦ ਵੀ ਕਰਦੇ ਸਨ। ਇਸ ਕਰਕੇ ਅੱਜ ਉਨ੍ਹਾਂ ਦੀ ਯਾਦ ਵਿੱਚ ਉਨ੍ਹਾਂ ਦੇ ਸਮੂਹ ਨਰੂਲਾ ਪਰਵਾਰ ਵੱਲੋਂ ਪਿੰਡ ਵਿੱਚ ਠੰਡੇ ਮਿੱਠੇ ਜਲ ਦੀ ਛਬੀਲ ਲਾਈ ਗਈ। ਇਸ ਮੌਕੇ ਵੀਰ ਚੰਦ ਸਿੰਘ ਨਰੂਲਾ, ਬਲਵੀਰ ਸਿੰਘ ਨਰੂਲਾ, ਕਾਲਾ ਸਿੰਘ ਨਰੂਲਾ, ਬਲਦੇਵ ਸਿੰਘ ਨਰੂਲਾ, ਜਸਵੰਤ ਸਿੰਘ ਨਰੂਲਾ, ਰਣਜੀਤ ਸਿੰਘ ਨਰੂਲਾ, ਡਾਕਟਰ ਅੰਗਰੇਜ ਸਿੰਘ, ਸਿੰਦਰ ਸਿੰਘ ਭਾਉ, ਪਰਮਜੀਤ ਸਿੰਘ ਪੰਮਾ, ਬਾਬਾ ਠਾਣਾ ਸਿੰਘ, ਦੇਵ ਸਿੰਘ, ਮੀਤਾ ਸਿੰਘ ਨਰੂਲਾ ਆਦਿ ਹਾਜ਼ਰ ਸਨ।

ਮੁਫਤ ਜਾਂਚ ਕੈਂਪ ਦੌਰਾਨ 125 ਮਰੀਜ਼ਾਂ ਦੀ ਜਾਂਚ ਕੀਤੀ

ਭੀਖੀ (ਗੁਰਿੰਦਰ ਸਿੰਘ ਔਲਖ)-ਮਾਨਵ ਸੇਵਾ ਪਰਮੋ ਧਰਮ ਤਹਿਤ ਸਮਾਜ ਸੇਵੀ ਹੱਡੀਆਂ ਅਤੇ ਜੋੜਾਂ ਦੇ ਮਾਹਰ ਡਾ. ਮਾਨਵ ਜਿੰਦਲ ਮਾਨਸਾ ਤੇ ਉਨ੍ਹਾਂ ਦੀ ਟੀਮ ਵੱਲੋਂ ਸਥਾਨਕ ਗੁਰਦੁਆਰਾ ਮਾਤਾ ਸਿੱਖਣੀ ਵਾਲਾ ਵਿਖੇ ਹੱਡੀਆਂ ਤੇ ਜੋੜਾਂ ਦਾ ਇੱਕ ਵਿਸ਼ੇਸ਼ ਮੁਫਤ ਜਾਂਚ ਕੈਂਪ ਲਗਾਇਆ ਗਿਆ।ਇਸ ਕੈਂਪ ਦੌਰਾਨ 125 ਮਰੀਜ਼ਾਂ ਦੀ ਜਾਂਚ ਕਰਕੇ ਉਨ੍ਹਾਂ ਨੂੰ ਮੁਫਤ ਦਵਾਈਆਂ ਸ਼ੂਗਰ ਆਦਿ ਦੇ ਮੁਫਤ ਟੈਟਸ ਵੀ ਕੀਤੇ ਗਏ।ਇਸ ਮੌਕੇ ਸਮਾਜ ਸੇਵੀ ਡਾ. ਮਾਨਵ ਜਿੰਦਲ ਨੇ ਕਿਹਾ ਕਿ ਉਹ ਹਰ ਰੋਜ਼ ਪਿੰਡਾਂ 'ਚ ਅਜਿਹੇ ਮੁਫਤ ਜਾਂਚ ਕੈਂਪਾਂ ਦਾ ਅਯੋਜਨ ਕਰਦੇ ਹਨ, ਜਿਸ ਵਿੱਚ ਮਰੀਜ਼ਾਂ ਨੂੰ ਮੁਫਤ ਦਵਾਈਆਂ ਤੇ ਟੈਸਟ ਆਦਿ ਮੁਫਤ ਕੀਤੇ ਜਾਂਦੇ ਹਨ।ਉਨ੍ਹਾਂ ਕਿਹਾ ਕਿ ਕੈਂਪਾਂ ਦਾ ਲਾਹਾ ਲੈਣ ਵਾਲੇ ਮਰੀਜ਼ਾਂ ਦੇ ਉਨ੍ਹਾਂ ਦੇ ਹਸਪਤਾਲ ਵਿੱਚ 3 ਮਹੀਨੀਆਂ ਲਈ ਕੋਈ ਓ.ਪੀ.ਡੀ. ਫੀਸ ਨਹੀਂ ਲਗਦੀ ਤੇ ਟੈਸਟਾਂ, ਐਕਸਰੇਅ ਆਦਿ 'ਚ ਵੀ ਭਾਰੀ ਛੋਟ ਦਿੱਤੀ ਜਾਂਦੀ ਹੈ।ਉਨ੍ਹਾਂ ਜ਼ਿਲ੍ਹੇ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਅਜਿਹੇ ਮੁਫਤ ਕੈਂਪਾਂ ਦਾ ਲਾਹਾ ਲੈਣ।ਇਸ ਮੌਕੇ ਸੁਖਜੀਤ ਕੌਰ, ਸੁਖਵੰਤ ਕੌਰ, ਸੋਨੀ ਕੌਰ, ਜਸਪ੍ਰੀਤ ਕੌਰ ਤੇ ਜਸਪ੍ਰੀਤ ਸਿੰਘ ਆਦਿ ਹਾਜ਼ਰ ਸਨ।

ਜ਼ਿਲ੍ਹਾ ਪ੍ਰਸ਼ਾਸਨ ਖਾਦਾਂ ਦੀ ਜ਼ਿਲ੍ਹੇ 'ਚ ਆ ਰਹੀ ਘਾਟ ਵੱਲ ਵਿਸ਼ੇਸ਼ ਧਿਆਨ ਦੇਵੇ : ਦੌਲਤਪੁਰਾ, ਫਤਿਹਗੜ੍ਹ

ਮੋਗਾ (ਇਕਬਾਲ ਸਿੰਘ ਖਹਿਰਾ)-ਭਾਰਤੀ ਕਿਸਾਨ ਯੂਨੀਅਨ ਲੱਖੋਵਾਲ ਦੇ ਜ਼ਿਲ੍ਹਾ ਦਫਤਰ ਵਿਖੇ ਕਿਸਾਨ ਆਗੂਆਂ ਵੱਲੋਂ ਭਖਦੇ ਮਸਲਿਆਂ 'ਤੇ ਜ਼ਿਲ੍ਹਾ ਪ੍ਰਧਾਨ ਭੁਪਿੰਦਰ ਸਿੰਘ ਦੌਲਤਪੁਰਾ ਦੀ ਅਗਵਾਈ ਹੇਠ ਵਿਸ਼ੇਸ਼ ਮੀਟਿੰਗ ਹੋਈ, ਜਿਸ ਵਿੱਚ ਐਗਜ਼ੈਕਟਿਵ ਮੈਂਬਰ ਪੰਜਾਬ ਹਰਨੇਕ ਸਿੰਘ ਫਤਿਹਗੜ੍ਹ ਕੋਰੋਟਾਨਾ, ਜ਼ਿਲ੍ਹਾ ਮੀਡੀਆ ਇੰਚਾਰਜ ਬਲਕਰਨ ਸਿੰਘ ਢਿੱਲੋਂ, ਜ਼ਿਲ੍ਹਾ ਮੀਤ ਪ੍ਰਧਾਨ ਪ੍ਰੇਮ ਲਾਲ ਪੁਰੀ, ਜ਼ਿਲ੍ਹਾ ਮੀਤ ਪ੍ਰਧਾਨ ਗੁਰਮੇਲ ਸਿੰਘ ਡਰੋਲੀ ਭਾਈ, ਪ੍ਰਕਾਸ਼ ਸਿੰਘ ਦਫਤਰ ਇੰਚਾਰਜ ਆਦਿ ਹਾਜ਼ਰ ਸਨ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਸਾਨ ਆਗੂਆਂ ਨੇ ਕਿਹਾ ਕਿ ਮੋਗਾ ਜ਼ਿਲ੍ਹੇ ਦੇ ਅਲੱਗ ਅਲੱਗ ਬਲਾਕਾਂ ਤੋਂ ਆਏ ਆਗੂਆਂ ਨਾਲ ਗੱਲਬਾਤ ਕਰਨ ਉਪਰੰਤ ਜ਼ਿਲ੍ਹਾ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਜ਼ਿਲ੍ਹੇ ਵਿੱਚ ਡੀ.ਏ.ਪੀ. ਖਾਦ ਤੇ ਹੋਰ ਖਾਦਾਂ ਦੀ ਬਹੁਤ ਘਾਟ ਆ ਰਹੀ ਹੈ, ਜਿੱਥੋਂ ਵੀ ਕਿਤੋਂ ਵੀ ਡੀ.ਏ.ਪੀ. ਖਾਦ ਜਾਂ ਯੂਰੀਆ ਖਾਦ ਮਿਲ ਰਹੀ ਹੈ ਕਾਰਪੋਰੇਟ ਘਰਾਣੇ ਤੇ ਪ੍ਰਾਈਵੇਟ ਫਰਮਾਂ ਨਾਲ ਮਿਲ ਜੁਲ ਕੇ ਕਿਸਾਨਾਂ ਦੀ ਅੰਨ੍ਹੀਂ ਲੁੱਟ ਕਰ ਰਹੇ ਹਨ ਡੀ.ਏ.ਪੀ. ਖਾਦ ਤੇ ਯੂਰੀਆ ਖਾਦ ਦੇ ਨਾਲ ਨੈਨੋ ਦੀਆਂ ਬੋਤਲਾਂ ਜਾਂ ਕੋਈ ਹੋਰ ਮਟੀਰੀਅਲ ਜਿਵੇਂ ਕਿ ਫੀਡ ਵਗੈਰਾ ਦਿੱਤੀਆਂ ਜਾ ਰਹੀਆਂ ਹਨ, ਜੋ ਕਿਸਾਨ ਦੇ ਨਾਲ ਸਰਾਸਰ ਧੱਕਾ ਹੈ। ਇਸ ਤਰ੍ਹਾਂ ਕਿਸਾਨ ਦੀ ਲੁੱਟ ਹੋ ਰਹੀ ਹੈ, ਕਿਸਾਨ ਤਾਂ ਪਹਿਲਾਂ ਤੋਂ ਹੀ ਆਰਥਿਕ ਮੰਦੀ ਨਾਲ ਜੂਝ ਰਿਹਾ ਹੈ, ਉੱਪਰੋਂ ਇਹ ਸਰਕਾਰੀ ਬਾਬੂਆਂ ਦੀ ਅਣਗਹਿਲੀ ਕਾਰਨ ਹੋ ਰਹੀ ਲੁੱਟ ਨਾਲ ਕਿਸਾਨ ਡਾਢੇ ਪ੍ਰੇਸ਼ਾਨ ਹਨ।

ਸਕੂਲ 'ਚ ਪੀਣ ਵਾਲੇ ਪਾਣੀ ਲਈ ਬੋਰ ਕਰਵਾਇਆ

ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)-ਹਲਕਾ ਜੰਡਿਆਲਾ ਗੁਰੂ ਦੇ ਅਧੀਨ ਆਉਂਦੇ ਪਿੰਡ ਗੁੰਨੋਵਾਲ ਦੀ ਪੰਚਾਇਤ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਸਕੂਲਾਂ ਦੀ ਸਿੱਖਿਆ ਤੇ ਸਿਹਤ ਸੰਭਾਲ ਲਈ ਕਾਫੀ ਉਪਰਾਲੇ ਕੀਤੇ ਜਾ ਰਹੇ ਹਨ ਜਿਸ ਦੇ ਤਹਿਤ ਹਲਕਾ ਜੰਡਿਆਲਾ ਗੁਰੂ ਦੇ ਪਿੰਡ ਗੁਨੋਵਾਲ੍ਹ ਦੇ ਸਰਕਾਰੀ ਸਕੂਲ ਵਿੱਚ ਬੱਚਿਆਂ ਦੀ ਸਿਹਤ ਸੰਭਾਲ ਨੂੰ ਲੈ ਕੇ ਸਾਫ ਤੇ ਸ਼ੁਧ ਪੀਣ ਵਾਲੇ ਪਾਣੀ ਲਈ ਗ੍ਰਾਮ ਪੰਚਾਇਤ ਗੁੰਨੋਵਾਲ ਵੱਲੋਂ 250 ਤੋਂ ਲੈ ਕੇ 300 ਫੁੱਟ ਡੂੰਘਾ ਬੋਰ ਕਰਵਾਇਆ ਗਿਆ।ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸਰਪੰਚ ਪਰਮਜੀਤ ਸਿੰਘ ਦੱਸਿਆ ਕਿ ਪਿੰਡ ਗੁੰਨੋਵਾਲ ਦੀ ਸਮੂਹ ਪੰਚਾਇਤ ਵੱਲੋਂ ਪਿੰਡ ਦੇ ਅਧੂਰੇ ਕੰਮ ਜਲਦ ਪੂਰੇ ਕੀਤੇ ਜਾਣਗੇ ।ਇਸ ਮੌਕੇ ਮੌਜੂਦਾ ਸਰਪੰਚ ਪਰਮਜੀਤ ਸਿੰਘ, ਨਿਸ਼ਾਨ ਸਿੰਘ ਖਹਿਰਾ ਪੰਚਾਇਤ ਸਕੱਤਰ, ਪੰਚ ਗੁਰਮੇਜ ਸਿੰਘ, ਸਾਬਕਾ ਸਰਪੰਚ ਜਗਤਾਰ ਸਿੰਘ, ਸਾਬਕਾ ਸਰਪੰਚ ਲਖਬੀਰ ਸਿੰਘ, ਵੱਸਣ ਸਿੰਘ ਸਾਬਕਾ ਪੰਚ, ਬਲਜੀਤ ਸਿੰਘ, ਰਘਬੀਰ ਸਿੰਘ, ਅਮਰਜੀਤ ਸਿੰਘ, ਜਰਨੈਲ ਸਿੰਘ, ਕੁਲਬੀਰ ਸਿੰਘ, ਆਮ ਆਦਮੀ ਪਾਰਟੀ ਆਗੂ ਹਰਪ੍ਰੀਤ ਸਿੰਘ ਆਦਿ ਹਾਜ਼ਰ ਸਨ।

ਨਗਰ ਪੰਚਾਇਤ ਭਗਤਾ ਨੇ ਨਜਾਇਜ਼ ਕਬਜ਼ੇ 'ਤੇ ਚਲਾਇਆ ਪੀਲਾ ਪੰਜਾ

ਕਬਜ਼ਾਧਾਰਕ ਔਰਤ 'ਤੇ ਨਸ਼ੇ ਦੇ ਨੇ ਕਈ ਮੁਕੱਦਮੇ ਦਰਜ : ਈ ਓ

ਬਠਿੰਡਾ (ਰਾਜੀਵ ਗੋਇਲ)-ਜ਼ਿਲ੍ਹੇ ਦੇ ਕਸਬਾ ਭਗਤਾ ਭਾਈ ਕਾ ਦੀ ਨਗਰ ਪੰਚਾਇਤ ਵੱਲੋਂ ਨਜਾਇਜ਼ ਕਬਜ਼ੇ 'ਤੇ ਕਾਰਵਾਈ ਕਰਦਿਆਂ ਸ਼ਹਿਰ ਦੇ ਕੋਠਾਗੁਰੂ ਰੋਡ 'ਤੇ ਅਨਾਜ ਮੰਡੀ ਨਜ਼ਦੀਕ ਇੱਕ ਪੱਕੇ ਬਣੇ ਖੋਖੇ 'ਤੇ ਪੀਲਾ ਪੰਜਾ ਚਲਾਇਆ ਗਿਆ।ਗੱਲਬਾਤ ਕਰਦਿਆਂ ਨਗਰ ਪੰਚਾਇਤ ਭਗਤਾ ਦੇ ਕਾਰਜ ਸਾਧਕ ਅਫਸਰ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਇਨ੍ਹਾਂ ਕਬਜ਼ਾਧਾਰਕਾਂ ਨੂੰ ਨੋਟਿਸ ਜਾਰੀ ਕੀਤਾ ਗਿਆ ਸੀ ਕਿ ਉਹ ਇਸ ਜਗ੍ਹਾ ਸੰਬੰਧੀ ਆਪਣੀ ਮਾਲਕੀ ਪੇਸ਼ ਕਰਨ, ਪਰ ਉਹ ਆਪਣੀ ਮਾਲਕੀ ਪੇਸ਼ ਨਹੀਂ ਕਰ ਸਕੇ, ਜਿਸ ਨੂੰ ਲੈ ਕੇ ਅੱਜ ਇਹ ਨਜਾਇਜ਼ ਉਸਾਰੀ ਨੂੰ ਢਾਹਿਆ ਗਿਆ ਹੈ।ਉਨ੍ਹਾਂ ਇਹ ਵੀ ਦੱਸਿਆ ਕਿ ਇਸ ਕਬਜ਼ਾਧਾਰਕ ਔਰਤ 'ਤੇ ਨਸ਼ੇ ਸੰਬੰਧੀ ਕਈ ਮੁਕੱਦਮੇ ਵੀ ਦਰਜ ਹਨ।ਇਸ ਮਸਲੇ ਨੂੰ ਲੈ ਕੇ ਗੱਲਬਾਤ ਕਰਦਿਆਂ ਡੀ.ਐੱਸ.ਪੀ. ਫੂਲ ਪ੍ਰਦੀਪ ਸਿੰਘ ਵੱਲੋਂ ਇਹ ਵੀ ਸਾਫ ਕੀਤਾ ਗਿਆ ਕਿ ਉਕਤ ਕਬਜ਼ਾਧਾਰਕ ਔਰਤ ਖਿਲਾਫ ਨਸ਼ੇ ਸੰਬੰਧੀ ਕਈ ਮੁਕੱਦਮੇ ਦਰਜ ਹਨ ਅਤੇ ਕਬਜ਼ੇ ਨੂੰ ਲੈ ਕੇ ਉਨ੍ਹਾਂ ਵੱਲੋਂ ਨਗਰ ਪੰਚਾਇਤ ਭਗਤਾ ਨੂੰ ਪੁਲਸ ਫੋਰਸ ਮੁਹੱਈਆ ਕਰਵਾਈ ਗਈ ਹੈ।

ਮਹਿਕਮੇ ਦੀ ਇਸ ਕਾਰਵਾਈ 'ਤੇ ਬਹੁਤ ਤਰ੍ਹਾਂ ਦੇ ਸਵਾਲੀਆ ਨਿਸ਼ਾਨ ਖੜ੍ਹੇ ਹੋ ਗਏ ਹਨ, ਕਿਉਂਕਿ ਜਿਸ ਜਗ੍ਹਾ 'ਤੇ ਇਹ ਪੀਲਾ ਪੰਜਾ ਚਲਾਇਆ ਗਿਆ ਹੈ, ਉੱਥੇ ਹੋਰ ਵੀ ਬਹੁਤ ਸਾਰੀਆਂ ਉਸਾਰੀਆਂ ਨਜਾਇਜ਼ ਤੌਰ 'ਤੇ ਬਣੀਆਂ ਹੋਈਆਂ ਹਨ, ਪਰ ਇਸ ਇਕੱਲੀ ਉਸਾਰੀ ਨੂੰ ਹੀ ਮਹਿਕਮੇ ਵੱਲੋਂ ਨਿਸ਼ਾਨਾ ਕਿਉਂ ਬਣਾਇਆ ਗਿਆ ਜਾਂ ਫਿਰ ਉਕਤ ਕਬਜ਼ਾਧਾਰਕ ਔਰਤ 'ਤੇ ਨਸ਼ੇ ਦੇ ਮੁਕੱਦਮੇ ਹੋਣ ਕਾਰਨ ਇਸ ਨੂੰ ਯੁੱਧ ਨਸ਼ਿਆਂ ਵਿਰੁੱਧ ਛੇੜੀ ਗਈ ਮੁਹਿੰਮ ਨਾਲ ਜੋੜਿਆ ਗਿਆ ਹੈ?

ਸੂਤਰਾਂ ਨੇ ਇਹ ਵੀ ਦੱਸਿਆ ਕਿ ਮਹਿਕਮੇ ਵੱਲੋਂ ਸਿਰਫ ਇਸ ਦੇ ਨਜਾਇਜ਼ ਕਬਜ਼ੇ 'ਤੇ ਹੀ ਪੀਲਾ ਪੰਜਾ ਚਲਾਇਆ ਗਿਆ ਹੈ, ਜਦਕਿ ਇਸ ਔਰਤ ਦੀ ਅਸਲ ਰਿਹਾਇਸ਼ ਤਾਂ ਕਿਤੇ ਹੋਰ ਹੈ, ਜਿਸ ਨੂੰ ਲੈ ਕੇ ਡੀ.ਐੱਸ.ਪੀ. ਵੱਲੋਂ ਜਾਂਚ ਕੀਤੇ ਜਾਣ ਦਾ ਕਿਹਾ ਗਿਆ ਹੈ।ਇਸ ਮਸਲੇ ਨੂੰ ਲੈ ਕੇ ਕਬਜ਼ਾਧਾਰਕ ਔਰਤ ਰਾਣੀ ਕੌਰ ਦਾ ਪੱਖ ਲੈਣਾ ਚਾਹਿਆ ਤਾਂ ਉਸ ਨਾਲ ਸੰਪਰਕ ਨਹੀਂ ਹੋ ਸਕਿਆ।ਇਸ ਮੌਕੇ ਪੁਲਸ ਪ੍ਰਸ਼ਾਸਨ ਸਮੇਤ ਸਿਵਲ ਪ੍ਰਸ਼ਾਸਨ ਦਾ ਪੂਰਾ ਅਮਲਾ ਮੌਜੂਦ ਸੀ।

ਸਹਿਕਾਰੀ ਸੁਸਾਇਟੀਆਂ 'ਚ ਯੂਰੀਏ ਦੀ ਕਿੱਲਤ ਖਤਮ ਕਰਨ ਦੀ ਮੰਗ

ਜਗਰਾਉਂ (ਨਛੱਤਰ ਸੰਧੂ)-ਪੰਜਾਬ 'ਚ ਝੋਨੇ ਦੀ ਲੁਆਈ ਪੂਰੇ ਜ਼ੋਰਾਂ 'ਤੇ ਹੈ।ਦਿਨ-ਰਾਤ ਚੱਲਦੀਆਂ ਮੋਟਰਾਂ ਤੇ ਇੰਜਣ ਪੂਰੇ ਦੇਸ਼ ਨੂੰ ਚੌਲਾਂ ਨਾਲ ਰਜਾਉਣ ਲਈ ਡਟੇ ਹੋਏ ਹਨ।ਮਚਦੀ ਗਰਮੀ 'ਚ ਕਿਸਾਨ ਤੇ ਮਜ਼ਦੂਰ ਮਚਦੇ ਪਾਣੀ 'ਚ ਕੁੱਬੇ ਹੋਏ ਪਏ ਹਨ।ਅਜਿਹੀ ਹਾਲਤ 'ਚ ਜਦੋਂ ਕਿਸਾਨਾਂ ਨੂੰ ਝੋਨਾ ਪਾਲਣ ਲਈ ਸਹਿਕਾਰੀ ਸੁਸਾਇਟੀਆਂ ਤੋਂ ਯੂਰੀਆ ਨਾ ਮਿਲੇ ਤਾਂ ਕਿਸਾਨਾਂ 'ਚ ਰੋਸ ਪੈਦਾ ਹੋਣਾ ਕੁਦਰਤੀ ਹੈ।ਇਸ ਸਬੰਧੀ ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਦੇ ਜ਼ਿਲ੍ਹਾ ਪ੍ਰਧਾਨ ਜਗਤਾਰ ਸਿੰਘ ਦੇਹੜਕਾ ਤੇ ਬਲਾਕ ਪ੍ਰਧਾਨ ਤਰਸੇਮ ਸਿੰਘ ਬੱਸੂਵਾਲ ਨੇ ਦੱਸਿਆ ਕਿ ਦੇਹੜਕਾ, ਲੱਖਾ, ਚਕਰ, ਰਸੂਲਪੁਰ, ਮੱਲਾ, ਅਖਾੜਾ, ਡੱਲਾ ਆਦਿ ਪਿੰਡਾਂ 'ਚ ਸਹਿਕਾਰੀ ਸੁਸਾਇਟੀਆਂ 'ਤੇ ਯੂਰੀਆ ਨਾ ਮਿਲਣ ਕਾਰਨ ਕਿਸਾਨਾਂ ਨੂੰ ਖੱਜਲ ਖੁਆਰ ਹੋਣਾ ਪੈ ਰਿਹਾ ਹੈ।ਇਸ ਸਬੰਧੀ ਕਿਸਾਨ ਆਗੂਆਂ ਨੇ ਮਾਰਕਫੈੱਡ ਤੇ ਖੇਤੀਬਾੜੀ ਵਿਭਾਗ ਤੋਂ ਫੋਨ ਰਾਹੀਂ ਜ਼ੋਰਦਾਰ ਮੰਗ ਕੀਤੀ ਹੈ ਕਿ ਸਬੰਧਤ ਪਿੰਡਾਂ ਦੀਆਂ ਸਹਿਕਾਰੀ ਸੁਸਾਇਟੀਆਂ 'ਚ ਯੂਰੀਆ ਖਾਦ ਤੁਰੰਤ ਪੁਚਾਉਣ ਦੀ ਗਰੰਟੀ ਕੀਤੀ ਜਾਵੇ।ਅਧਿਕਾਰੀਆਂ ਨੇ ਯੂਰੀਆ ਸਪਲਾਈ ਦਾ ਭਰੋਸਾ ਦਿਵਾਇਆ ਹੈ।ਉਨ੍ਹਾਂ ਕਿਹਾ ਕਿ ਅਣਗਹਿਲੀ ਜਾਂ ਦੇਰੀ ਦੀ ਹਾਲਤ 'ਚ ਆਉਂਦੇ ਹਫਤੇ ਸਬੰਧਤ ਦਫਤਰਾਂ ਦਾ ਘਿਰਾਓ ਕਰਨ ਲਈ ਕਿਸਾਨ ਮਜਬੂਰ ਹੋਣਗੇ।

ਉਮਰ ਅਬਦੁੱਲਾ ਦਾ ਪਾਣੀ ਤੋਂ ਇਨਕਾਰ ਕਰਨ ਵਾਲਾ ਬਿਆਨ ਨਿੰਦਣਯੋਗ : ਦੌਲਤਪੁਰ

ਹਰਦੀਪ ਦੌਲਤਪੁਰ ਨੇ ਗਜਾ ਵੜਿੰਗ ਨਾਲ ਕੀਤੀ ਮੁਲਾਕਾਤ

ਧੂਰੀ (ਮੋਹਿਤ ਗਰਗ, ਬਿੰਨੀ ਗਰਗ)-ਪ

23 Jun Page-3.qxd 6/22/2025 10:21 PM Page 1

ਡਰਾ ਧਮਕਾ ਕੇ ਪੈਲੀਆਂ ਹੜੱਪਣ ਤੇ ਫਿਰੌਤੀਆਂ ਮੰਗਣ ਵਾਲੇ 2 ਦੋਸ਼ੀ ਕਾਬੂ

ਝਬਾਲ (ਹਰਜਿੰਦਰ ਸਿੰਘ ਸੋਨੀ)- ਡੀਜੀਪੀ ਪੰਜਾਬ ਗੌਰਵ ਯਾਦਵ ਦੀ ਅਗਵਾਈ ਹੇਠ ਹਰਮਨ ਬੀਰ ਸਿੰਘ ਗਿੱਲ ਡੀਆਈਜੀ ਫਿਰੋਜ਼ਪੁਰ ਰੇਂਜ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਜ਼ਿਲਾ ਪੁਲਸ ਤਰਨਤਾਰਨ ਮੁਖੀ ਦੀਪਕ ਪਾਰੀਕ ਵੱਲੋਂ ਜ਼ਿਲੇ ਭਰ ਵਿੱਚ ਭੈੜੇ ਅਨਸਰਾਂ ਖਿਲਾਫ ਵਿੱਢੀ ਮੁਹਿੰਮ ਤਾਹਿਤ ਐੱਸਪੀ ਅਜੈਰਾਜ ਸਿੰਘ ਸ੍ਰ: ਰਿਪੂਤਾਪਨ ਸਿੰਘ ਡੀਐੱਸਪੀ ਸਿਟੀ ਤਰਨਤਾਰਨ ਦੀ ਨਿਗਰਾਨੀ ਹੇਠ ਥਾਣਾ ਝਬਾਲ ਦੇ ਮੁਖੀ ਪ੍ਰਮਜੀਤ ਸਿੰਘ ਵਿਰਦੀ ਤੇ ਪੁਲਸ ਪਾਰਟੀ ਵੱਲੋਂ ਭੋਲੇ ਭਾਲੇ ਲੋਕਾਂ ਨੂੰ ਡਰਾ ਧਮਕਾ ਕੇ ਪੈਲੀ ਹੜੱਪਣ ਅਤੇ ਫਿਰੌਤੀ ਮੰਗਣ ਵਾਲੇ ਦੋ ਦੋਸ਼ੀਆਂ ਨੂੰ ਕਾਬੂ ਕੀਤਾ ਗਿਆ ਹੈ ਜਿਸ ਸਬੰਧੀ ਨਿਸ਼ਾਨ ਸਿੰਘ ਪੁੱਤਰ ਬਲਵਿੰਦਰ ਸਿੰਘ ਵਾਸੀ ਪਿੰਡ ਜਗਤਪੁਰਾ ਅਤੇ ਗੁਰਸਾਹਿਬ ਸਿੰਘ ਸਾਬਾ ਪੁੱਤਰ ਬੂਟਾ ਸਿੰਘ ਵਾਸੀ ਮਹਿੰਦੀਪੁਰ ਖੇਮਕਰਨ ਖਿਲਾਫ ਮੁਕੱਦਮਾ ਨੰਬਰ 101 ਮਿਤੀ 20-6-25 ਜੁਰਮ 308/2,308/5,3/5, ਬੀ ਐੱਨ ਐੱਸ ਐਕਟ ਤਹਿਤ ਥਾਣਾ ਝਬਾਲ ਵਿਖੇ ਦਰਜ ਮਾਮਲੇ ਅਨੁਸਾਰ ਮੁੱਦਈ ਵੱਲੋਂ ਦਿੱਤੇ ਬਿਆਨ ਕਿ ਨਿਸ਼ਾਨ ਸਿੰਘ ਉਸ ਦਾ ਚਾਚਾ ਹੈ ਤੇ ਪਿਛਲੇ 12 ਸਾਲ ਤੋਂ ਸਾਡੀ ਜਗਤਪੁਰਾ ਵਿਖੇ ਸਵਾ ਚਾਰ ਕਿਲੇ ਜ਼ਮੀਨ ਠੇਕੇ ਵਾਹੁੰਦਾ ਆ ਰਿਹਾ ਸੀ।ਪਰ ਉਸ ਤੋਂ ਠੇਕੇ 'ਤੇ ਜ਼ਮੀਨ ਛੁਡਾ ਕੇ ਮੈਂ ਖੁਦ ਵਾਹੀ ਕਰ ਰਿਹਾ ਸੀ।ਜਦ ਵੀ ਜ਼ਮੀਨ ਵਿੱਚ ਜਾਂਦਾ ਤਾਂ ਚਾਚਾ ਨਿਸ਼ਾਨ ਸਿੰਘ ਉਹ ਸਾਨੂੰ ਸਾਡੀ ਹੀ ਪੈਲੀ ਵਿਚ ਜਾਣ ਤੋਂ ਰੋਕਦਾ ਸੀ।ਉਸਦੇ ਗੈਂਗਸਟਰਾਂ ਨਾਲ ਸਬੰਧ ਹਨ ਜਿਸ 'ਤੇ 5 ਅਤੇ 6 ਜੂਨ 2025 ਨੂੰ ਵਕਤ ਦੁਪਹਿਰ 1-46 ਅਤੇ 4 ਵਜੇ ਮੇਰੇ ਮੋਬਾਇਲ ਵੱਟਸਐਪ ਉਤੇ +447352898179 ਤੋਂ ਕਾਲਾਂ ਆਈਆਂ ਤੇ ਆਪਣੇ ਆਪ ਨੂੰ ਗੈਂਗਸਟਰ ਦੱਸਦਿਆਂ ਮੈਨੂੰ ਜਾਨੋਂ ਮਾਰਨ ਅਤੇ ਪੈਲੀ ਨੂੰ ਹੜੱਪਣ ਦੀਆਂ ਧਮਕੀਆਂ ਦਿੱਤੀਆਂ ਗਈਆਂ, ਜਿਸ 'ਤੇ ਤਰਨਤਾਰਨ ਪੁਲਸ ਦੀ ਤਕਨੀਕੀ ਇੰਟੈਲੀਜੈਂਸ ਤੇ ਟੈਕਨੀਕਲ ਐਨਾਲਸਿਸ ਰਾਹੀਂ ਪਤਾ ਲੱਗਾ ਤੇ ਦੋਸ਼ੀਆਂ ਤੱਕ ਪਹੁੰਚ ਕਰਕੇ ਉਨਾਂ ਨੂੰ ਝਬਾਲ ਪੁਲਸ ਵੱਲੋਂ ਕਾਬੂ ਕਰਕੇ ਮਾਣਯੋਗ ਅਦਾਲਤ ਵਿੱਚ ਪੇਸ਼ ਕਰਕੇ ਰਿਮਾਂਡ ਹਾਸਲ ਕੀਤਾ ਗਿਆ ਜਿਸ ਤੋਂ ਹੋਰ ਵੀ ਖੁਲਾਸੇ ਹੋਣ ਦੀ ਸੰਭਾਵਨਾ ਹੈ।

ਰਣਜੀਤ ਸਾਗਰ ਡੈਮ ਦੇ ਕੰਢੇ ਪੰਜ ਸੌ ਐੱਨਸੀਸੀ ਨੇਵਲ ਕੈਡਟਾਂ ਨੇ ਸਾਧਿਆ ਯੋਗ

ਪਠਾਨਕੋਟ (ਦਵਿੰਦਰ ਸਿੰਘ)- ਅੰਤਰਰਾਸ਼ਟਰੀ ਯੋਗ ਦਿਵਸ ਨੂੰ ਵੱਡੇ ਉਤਸ਼ਾਹ ਅਤੇ ਸਮਰਪਣ ਦੇ ਨਾਲ ਐੱਨਸੀਸੀ ਨੇਵਲ ਕੈਡੇਟਸ ਵੱਲੋਂ ਮਨਾਇਆ ਗਿਆ ਜੋ ਅੱਜਕੱਲ੍ਹ ਪ੍ਰਤਾਪ ਵਰਲਡ ਸਕੂਲ, ਪਠਾਨਕੋਟ ਵਿੱਚ ਚੱਲ ਰਹੇ 10 ਦਿਨਾ ਰਿਹਾਇਸ਼ੀ ਕੈਂਪ ਵਿੱਚ ਸ਼ਾਮਲ ਹਨ।ਸਵੇਰੇ-ਸਵੇਰੇ ਇਹ ਸਮਾਗਮ ਧਾਰਕਲਾਂ ਸਥਿਤ ਰਣਜੀਤ ਸਾਗਰ ਡੈਮ ਦੀ ਸੁਹਾਵਣੀ ਝੀਲ ਦੇ ਕੰਢੇ ਉਤੇ ਆਯੋਜਿਤ ਕੀਤਾ ਗਿਆ।ਕੁਦਰਤ ਦੀ ਖਾਮੋਸ਼ੀ ਅਤੇ ਖੂਬਸੂਰਤੀ ਦੇ ਵਿਚਕਾਰ ਕੈਡੇਟਸ ਨੇ ਯੋਗ ਅਧਿਆਪਕਾਂ ਦੀ ਅਗਵਾਈ ਹੇਠ ਇਕ ਯੋਗ ਸੈਸ਼ਨ ਵਿੱਚ ਭਾਗ ਲਿਆ।ਇਸ ਪ੍ਰਾਚੀਨ ਭਾਰਤੀ ਪਰੰਪਰਾ ਨੂੰ ਅਪਣਾਉਂਦੇ ਹੋਏ ਉਨ੍ਹਾਂ ਨੇ ਸਰੀਰ ਅਤੇ ਮਨ ਦੇ ਵਿਚਕਾਰ ਸੰਤੁਲਨ ਨੂੰ ਮਹਿਸੂਸ ਕੀਤਾ।ਸੈਸ਼ਨ ਦੀ ਸ਼ੁਰੂਆਤ ਸਾਂਝੀ ਪ੍ਰਾਰਥਨਾ ਨਾਲ ਹੋਈ, ਜਿਸ ਤੋਂ ਬਾਅਦ ਵੱਖ-ਵੱਖ ਆਸਨ, ਪ੍ਰਾਣਾਯਾਮ ਅਤੇ ਥੋੜ੍ਹਾ ਧਿਆਨ ਕਰਵਾਇਆ ਗਿਆ।ਯੋਗ ਜੋ ਭਾਰਤ ਦੀ ਧਰੋਹਰ ਦਾ ਪ੍ਰਤੀਕ ਹੈ, ਸਰੀਰਕ ਤੰਦਰੁਸਤੀ, ਮਾਨਸਿਕ ਮਜ਼ਬੂਤੀ ਅਤੇ ਅੰਦਰੂਨੀ ਸ਼ਾਂਤੀ ਵਿਕਸਿਤ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਅਦਾ ਕਰਦਾ ਹੈ। ਇਹ ਗੁਣ ਇਕ ਐੱਨਸੀਸੀ ਕੈਡੇਟ ਦੀ ਅਨੁਸ਼ਾਸਤ ਜ਼ਿੰਦਗੀ ਲਈ ਬਹੁਤ ਜ਼ਰੂਰੀ ਹਨ।ਇਸ ਮੌਕੇ ਕਮਾਂਡਿੰਗ ਅਫ਼ਸਰ ਕਮਾਂਡਰ ਐੱਨ. ਨਿਸ਼ਾਂਤ ਨੇ ਕਿਹਾ ਕਿ ਯੋਗ ਸਿਰਫ਼ ਸਰੀਰਕ ਤੰਦਰੁਸਤੀ ਹੀ ਨਹੀਂ, ਸਗੋਂ ਆਤਮਿਕ ਜਾਗਰੂਕਤਾ ਨੂੰ ਵੀ ਵਧਾਉਂਦਾ ਹੈ।ਇਹ ਐੱਨਸੀਸੀ ਦੇ ਟ੍ਰੇਨਿੰਗ ਮੁੱਲਾਂ ਦੇ ਪੂਰੀ ਤਰ੍ਹਾਂ ਅਨੁਕੂਲ ਹੈ।ਪ੍ਰਤਾਪ ਵਰਲਡ ਸਕੂਲ ਦੇ ਡਾਇਰੈਕਟਰ ਸੰਨੀ ਮਹਾਜਨ ਨੇ ਕਿਹਾ ਕਿ ਅਸੀਂ ਇਨ੍ਹਾਂ ਅਰਥਭਰਪੂਰ ਸਮਾਗਮਾਂ ਦੀ ਮੇਜ਼ਬਾਨੀ ਕਰਕੇ ਮਾਣ ਮਹਿਸੂਸ ਕਰਦੇ ਹਾਂ ਜੋ ਸਾਡੇ ਸੰਪੂਰਨ ਸਿੱਖਿਆ ਦੇ ਵਿਜ਼ਨ ਨੂੰ ਦਰਸਾਉਂਦੇ ਹਨ।ਕੁਦਰਤ ਦੀ ਗੋਦ ਵਿੱਚ ਕੈਡੇਟਸ ਨੂੰ ਯੋਗ ਕਰਦਿਆਂ ਦੇਖਣਾ ਬਹੁਤ ਹੀ ਪ੍ਰੇਰਣਾਦਾਇਕ ਸੀ।ਪ੍ਰਿੰ. ਸ਼ੁਭਰਾ ਰਾਣੀ ਨੇ ਆਪਣੀ ਖੁਸ਼ੀ ਪ੍ਰਗਟਾਈ ਅਤੇ ਕਿਹਾ ਕਿ ਇਸ ਸਮਾਗਮ ਨੇ ਸਾਡੇ ਨੌਜਵਾਨ ਕੈਡੇਟਸ ਦੀ ਜ਼ਿੰਦਗੀ ਵਿੱਚ ਯੋਗ ਵਰਗੀ ਵੈੱਲਨੈੱਸ ਪ੍ਰੈਕਟਿਸ ਨੂੰ ਸ਼ਾਮਲ ਕਰਨ ਦੇ ਮਹੱਤਵ ਨੂੰ ਰੌਸ਼ਨ ਕੀਤਾ ਜੋ ਇਕ ਸੰਤੁਲਿਤ ਜੀਵਨਸ਼ੈਲੀ ਲਈ ਬਹੁਤ ਲਾਜ਼ਮੀ ਹੈ।

ਫਤਿਹਾਬਾਦ 'ਚ ਨਸ਼ੇ ਨਾਲ ਮੌਤਾਂ ਦਾ ਸਿਲਸਿਲਾ ਜਾਰੀ, ਸਰਕਾਰ ਦੇ ਦਾਅਵੇ ਖੋਖਲੇ

ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)- ਵਿਧਾਨ ਸਭਾ ਹਲਕਾ ਖਡੂਰ ਅਧੀਨ ਆਉਂਦੇ ਥਾਣਾ ਗੋਇੰਦਵਾਲ ਸਾਹਿਬ ਦੇ ਕਸਬਾ ਫਤਿਆਬਾਦ ਵਿੱਚ ਨਸ਼ੇ ਦੀ ਓਵਰਡੋਜ਼ ਨਾਲ ਨੌਜਵਾਨਾਂ ਦੀਆਂ ਮੌਤਾਂ ਦਾ ਸਿਲਸਿਲਾ ਲਗਾਤਾਰ ਜਾਰੀ ਹੈ ਪਰ ਸਥਾਨਕ ਪੁਲਸ ਪ੍ਰਸ਼ਾਸਨ ਨਸ਼ੀਲੇ ਪਦਾਰਥ ਵੇਚਣ ਵਾਲਿਆਂ ਦੇ ਖਿਲਾਫ ਸਖਤ ਕਾਰਵਾਈ ਕਰਨ ਦੀ ਬਜਾਏ ਆਪਣੀ ਸਾਖ਼ ਬਚਾਉਣ ਲਈ ਮਰਨ ਵਾਲਿਆਂ ਦੇ ਪਰਿਵਾਰਾਂ ਤੋਂ ਆਪਣੇ ਹੱਕ ਵਿੱਚ ਬਿਆਨ ਲਿਖਾ ਕੇ ਆਪਣਾਂ ਬਚਾਅ ਕਰਨ ਦੀ ਤਿਕੜਮਬਾਜ਼ੀ ਕਰ ਰਿਹਾ ਹੈ।ਕਸਬੇ ਵਿੱਚ ਅੱਜ ਇਕ ਹੋਰ ਨੌਜਵਾਨ ਦੀ ਨਸ਼ੀਲੇ ਟੀਕੇ ਲਾਉਣ ਕਾਰਨ ਮੌਤ ਹੋਣ ਦਾ ਮਾਮਲਾ ਸਾਹਮਣੇ ਆਇਆ ਹੈ।ਪੱਤਰਕਾਰਾਂ ਸਾਹਮਣੇ ਰੋਂਦੇ ਹੋਏ ਮ੍ਰਿਤਕ ਨੌਜਵਾਨ ਸੰਜੂ ਕੁਮਾਰ ਪੁੱਤਰ ਤਿਲਕ ਰਾਜ ਉਮਰ ਤਕਰੀਬਨ 25 ਸਾਲ ਦੇ ਪਿਤਾ ਤਿਲਕ ਰਾਜ ਅਤੇ ਹੋਰ ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਤਕਰੀਬਨ ਦੋ ਢਾਈ ਮਹੀਨੇ ਪਹਿਲਾਂ ਸਾਡੇ ਵੱਡੇ ਲੜਕੇ ਸਰਵਨ ਸਿੰਘ ਦੀ ਓਵਰਡੋਜ਼ ਨਾਲ ਮੌਤ ਹੋ ਗਈ ਸੀ ਤੇ ਹੁਣ ਸਾਡੇ ਦੂਸਰੇ ਲੜਕੇ ਸੰਜੂ ਕੁਮਾਰ ਦੀ ਵੀ ਮੌਤ ਹੋ ਗਈ ਹੈ ਜਿਸ ਨਾਲ ਸਾਡਾ ਤਾਂ ਘਰ ਹੀ ਖਾਲੀ ਹੋ ਗਿਆ ਹੈ। ਪਰਿਵਾਰਕ ਮੈਂਬਰਾਂ ਵੱਲੋਂ ਸਰਕਾਰ ਦੇ ਝੂਠੇ ਦਾਵਿਆਂ ਨੂੰ ਕੋਸਦੇ ਹੋਏ ਕਿਹਾ ਕਿ ਸਰਕਾਰ ਲੋਕਾਂ ਨੂੰ ਬੋਲ ਰਹੀ ਹੈ ਕਿ ਪੰਜਾਬ ਨਸ਼ਾ ਮੁਕਤ ਕਰ ਦਿੱਤਾ ਹੈ ਪਰ ਜ਼ਮੀਨੀ ਪੱਧਰ 'ਤੇ ਕੋਈ ਵੀ ਨਸ਼ਾ ਖਤਮ ਨਹੀਂ ਹੋਇਆ। ਉਨ੍ਹਾਂ ਕਿਹਾ ਕਿ ਸਾਡੇ ਪਿੰਡ ਵਿੱਚ ਛੱਲੀਆਂ ਦੀ ਤਰ੍ਹਾਂ ਨਸ਼ਾ ਵਿਕ ਰਿਹਾ। ਪਰਿਵਾਰਕ ਮੈਂਬਰਾਂ ਨੇ ਪੁਲਸ 'ਤੇ ਗੰਭੀਰ ਇਲਜ਼ਾਮ ਲਾਉਂਦੇ ਹੋਏ ਕਿਹਾ ਕਿ ਪੁਲਸ ਪਹਿਲਾਂ ਫੜ ਲੈਂਦੀ ਹੈ ਬਾਅਦ ਵਿੱਚ ਪੈਸ ਲੈ ਕੇ ਛੱਡ ਦਿੰਦੀ ਹੈ। ਇਸ ਸਬੰਧੀ ਸੰਪਰਕ ਕਰਨ 'ਤੇ ਸਬ ਡਵੀਜ਼ਨ ਗੋਇੰਦਵਾਲ ਸਾਹਿਬ ਦੇ ਡੀਐੱਸਪੀ ਅਤੁਲ ਸੋਨੀ ਨੇ ਕਿਹਾ ਕਿ ਪੁਲਸ ਵੱਲੋਂ ਨਸ਼ਾ ਤਸਕਰਾਂ ਖਿਲਾਫ ਸਖਤ ਕੀਤੀ ਗਈ ਹੈ, ਜਿਸ ਕਾਰਨ ਨੌਜਵਾਨ ਨਸ਼ੇ ਦੀ ਪੂਰਤੀ ਲਈ ਗੈਰ ਜ਼ਰੂਰੀ ਵਸਤਾਂ ਦੀ ਵਰਤੋਂ ਕਰਕੇ ਕੀਮਤੀ ਜਾਨਾਂ ਤੋਂ ਹੱਥ ਧੋ ਰਹੇ ਹਨ।ਪੁਲਸ ਅਜਿਹੇ ਹਾਦਸੇ ਰੋਕਣ ਲਈ ਹੋਰ ਸਖਤੀ ਕਰੇਗੀ।

ਹੋਮ ਗਾਰਡਜ਼, ਫਾਇਰ ਬ੍ਰਿਗੇਡ ਤੇ ਸਿਵਲ ਡਿਫੈਂਸ ਵੱਲੋਂ ਯੋਗਾ ਸੈਸ਼ਨ

ਬਟਾਲਾ (ਡਾ. ਮਲਵਿੰਦਰ ਸਿੰਘ)- 11ਵਾਂ ਅੰਤਰਰਾਸ਼ਟਰੀ ਯੋਗਾ ਦਿਵਸ, ਪੰਜਾਬ ਹੋਮ ਗਾਰਡਜ਼, ਫਾਇਰ ਬ੍ਰਿਗੇਡ ਤੇ ਸਿਵਲ ਡਿਫੈਂਸ ਵਲੋਂ ਨੰ. 2, ਬਟਾਲੀਅਨ ਹੈੱਡ ਕਵਾਰਟਰ, ਪੰਜਾਬ ਹੋਮ ਗਾਰਡਜ਼ ਵਿਖੇ ਮਨਾਇਆ ਗਿਆ ਜਿਸ ਵਿਚ ਪੰਜਾਬ ਹੋਮਗਾਰਡ ਅਫਸਰਾਂ, ਫਾਇਰ ਅਫ਼ਸਰਾਂ, ਸੀ. ਡੀ. ਵਲੰਟੀਅਰਜ਼ ਦੇ ਨਾਲ ਸਟਾਫ ਤੇ ਗਾਰਡਜ਼ ਵੱਲੋਂ ਹਿੱਸਾ ਲਿਆ ਗਿਆ।ਇਸ ਮੌਕੇ ਤੰਦਰੁਸਤ ਤੇ ਸਿਹਤਮੰਦ ਰਹਣ ਲਈ ਯੋਗ ਦੇ ਫਾਇਦਿਆਂ ਬਾਰੇ ਦੱਸਦਿਆਂ ਉਨ੍ਹਾਂ ਕਿਹਾ ਕਿ ਇਸ ਨਾਲ ਸਰੀਰਕ, ਮਾਨਸਿਕ ਅਤੇ ਭਾਵਨਾਤਮਕ ਲਾਭ ਹੁੰਦੇ ਹਨ।ਰੋਜ਼ਾਨਾ ਅਭਿਆਸ ਜ਼ਰੂਰ ਕਰੋ। ਇਸੇ ਦੌਰਾਨ ਸਰਵਾਈਕਲ ਹੋਣ ਦੇ ਕਾਰਣ ਤੇ ਉਸੇ ਸਬੰਧੀ ਅਭਿਆਸ ਕਰਵਾਇਆ।ਯੋਗ ਨਾ ਸਿਰਫ ਸਾਡੀ ਵਿਅਕਤੀਗਤ ਸਿਹਤ ਅਤੇ ਤੰਦਰੁਸਤੀ ਲਈ ਮਹੱਤਵਪੂਰਨ ਹੈ, ਬਲਕਿ ਸਾਡੇ ਵਾਤਾਵਰਣ ਨਾਲ ਸਦਭਾਵਨਾ ਨਾਲ ਰਹਿਣ ਲਈ ਇੱਕ ਸ਼ਕਤੀ ਮਿਲਦੀ ਹੈ, ਸਰੀਰਕ ਤਾਕਤ ਵਿੱਚ ਸੁਧਾਰ, ਮਾਨਸਿਕ ਤਣਾਅ ਵਿੱਚ ਕਮੀ ਹੁੰਦੀ ਹੈ।ਇਸ ਮੌਕੇ ਫਾਇਰ ਸਟੇਸ਼ਨ ਇੰਚਾਰਜ ਨੀਰਜ ਸ਼ਰਮਾ, ਸਟਾਫ ਅਫ਼ਸਰ ਮਨਜੀਤ ਸਿੰਘ, ਫਾਇਰ ਅਫ਼ਸਰ ਰਾਕੇਸ਼ ਸ਼ਰਮਾ, ਪੋਸਟ ਵਾਰਡਨ ਹਰਬਖਸ਼ ਸਿੰਘ ਤੇ ਗੁਰਮੁੱਖ ਸਿੰਘ, ਸੈਕਟਰ ਵਾਰਡਨ ਪਰਮਜੀਤ ਸਿੰਘ ਬਮਰਾਹ, ਜਸਪਾਲ ਸਿੰਘ, ਰੂਬੀ, ਮਨੋਜ, ਹਰਪ੍ਰੀਤ ਸਿੰਘ, ਗਾਰਡਜ਼ ਅਤੇ ਸੀ. ਡੀ. ਵਲੰਟੀਅਰਜ਼ ਹਾਜ਼ਰ ਸਨ। ਆਖਰ ਵਿਚ ਸਟਾਫ ਅਫ਼ਸਰ ਵਲੋਂ ਹਾਜ਼ਰ ਸਾਰਿਆਂ ਨੂੰ ਫਲ ਵੰਡੇ ਗਏ।

ਜਿਮਨੇਜ਼ੀਅਮ ਹਾਲ ਗੁਰਦਾਸਪੁਰ ਵਿਖੇ ਮਨਾਇਆ ਜ਼ਿਲ੍ਹਾ ਪੱਧਰੀ ਯੋਗ ਸਮਾਗਮ

● ਆਯੁਰਵੈਦਿਕ ਵਿਭਾਗ ਅਤੇ ਸੀ ਐੱਮ ਦੀ ਯੋਗਸ਼ਾਲਾ ਦੇ ਮਾਹਿਰਾਂ ਨੇ ਦੱਸੇ ਯੋਗ ਦੇ ਮਹੱਤਵਪੂਰਨ ਗੁਰ

ਗੁਰਦਾਸਪੁਰ (ਦਿਨੇਸ਼ ਕੁਮਾਰ)- 11ਵੇਂ ਕੌਮਾਂਤਰੀ ਯੋਗ ਦਿਵਸ ਮੌਕੇ ਪੰਜਾਬ ਸਰਕਾਰ ਦੀਆਂ ਹਦਾਇਤਾਂ ਤਹਿਤ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਜਿਮਨੇਜ਼ੀਅਮ ਹਾਲ ਗੁਰਦਾਸਪੁਰ ਵਿਖੇ ਜ਼ਿਲ੍ਹਾ ਪੱਧਰੀ ਯੋਗ ਸਮਾਗਮ ਪੂਰੇ ਉਤਸ਼ਾਹ ਨਾਲ ਮਨਾਇਆ ਗਿਆ।ਕੌਮਾਂਤਰੀ ਯੋਗ ਦਿਵਸ ਸਬੰਧੀ ਸਵੇਰੇ 6:30 ਵਜੇ ਜਿਮਨੇਜ਼ੀਅਮ ਹਾਲ ਗੁਰਦਾਸਪੁਰ ਵਿੱਚ ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੇ ਚੇਅਰਮੈਨ ਰਮਨ ਬਹਿਲ, ਡਿਪਟੀ ਕਮਿਸ਼ਨਰ ਦਲਵਿੰਦਰਜੀਤ ਸਿੰਘ, ਵਧੀਕ ਡਿਪਟੀ ਕਮਿਸ਼ਨਰ (ਜ) ਡਾ. ਹਰਜਿੰਦਰ ਸਿੰਘ ਬੇਦੀ, ਐੱਸਡੀਐੱਮ. ਗੁਰਦਾਸਪੁਰ ਮਨਜੀਤ ਸਿੰਘ ਰਾਜਲਾ, ਸਹਾਇਕ ਕਮਿਸ਼ਨਰ (ਜ) ਆਦਿੱਤਯ ਗੁਪਤਾ, ਸਕੱਤਰ ਜ਼ਿਲ੍ਹਾ ਪ੍ਰੀਸ਼ਦ ਜ਼ੀਨਤ ਖਹਿਰਾ ਸਮੇਤ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਤੇ ਕਰਮਚਾਰੀ, ਸਕੂਲੀ ਵਿਦਿਆਰਥੀ, ਖਿਡਾਰੀ ਅਤੇ ਗੁਰਦਾਸਪੁਰ ਦੇ ਵਸਨੀਕ ਸ਼ਾਮਲ ਹੋਏ।ਸਰਕਾਰੀ ਆਯੁਰਵੈਦਿਕ ਡਾਕਟਰ ਨਵਦੀਪ ਸਿੰਘ ਅਤੇ ਉਨ੍ਹਾਂ ਦੀ ਟੀਮ ਵੱਲੋਂ ਕੈਂਪ ਵਿੱਚ ਹਾਜ਼ਰ ਵਿਅਕਤੀਆਂ ਨੂੰ ਯੋਗ ਦੀ ਮਹੱਤਤਾ ਬਾਰੇ ਵਿਸਥਾਰ ਵਿੱਚ ਦੱਸਿਆ ਗਿਆ ਅਤੇ ਨਾਲ ਹੀ ਯੋਗਾ ਦੇ ਵੱਖ-ਵੱਖ ਆਸਣ ਕਰਵਾਏ ਗਏ।ਸਾਰੇ ਹਾਜ਼ਰੀਨ ਵੱਲੋਂ ਬੜੇ ਉਤਸ਼ਾਹ ਨਾਲ ਯੋਗ ਆਸਣ ਕੀਤੇ ਗਏ। ਸਕੂਲੀ ਵਿਦਿਆਰਥੀਆਂ ਵਿੱਚ ਯੋਗਾ ਨੂੰ ਲੈ ਕੇ ਵੱਡਾ ਉਤਸ਼ਾਹ ਦੇਖਣ ਨੂੰ ਮਿਲਿਆ।ਇਸੇ ਦੌਰਾਨ ਕੌਮਾਂਤਰੀ ਯੋਗ ਦਿਵਸ ਦੀ ਮਹੱਤਤਾ ਦੱਸਦਿਆਂ ਡਿਪਟੀ ਕਮਿਸ਼ਨਰ ਦਲਵਿੰਦਰਜੀਤ ਸਿੰਘ ਨੇ ਕਿਹਾ ਕਿ ਯੋਗਾ ਸਾਡੀ ਪ੍ਰਾਚੀਨ ਪਰੰਪਰਾ ਤੋਂ ਪ੍ਰਾਪਤ ਅਨਮੋਲ ਤੋਹਫ਼ਾ ਹੈ। ਉਨ੍ਹਾਂ ਕਿਹਾ ਕਿ ਯੋਗ ਮਨ ਅਤੇ ਸਰੀਰ, ਸੰਜਮ ਤੇ ਪੂਰਤੀ, ਵਿਅਕਤੀ ਅਤੇ ਕੁਦਰਤ ਵਿਚਲੇ ਸੁਮੇਲ, ਵਿਚਾਰ ਅਤੇ ਕਾਰਜ ਦੀ ਏਕਤਾ ਦਾ ਪ੍ਰਗਟਾਵਾ ਕਰਦਾ ਹੈ, ਜੋ ਸਾਡੀ ਸਿਹਤ ਅਤੇ ਭਲਾਈ ਲਈ ਕੀਮਤੀ ਹੈ।ਉਨ੍ਹਾਂ ਕਿਹਾ ਕਿ ਯੋਗਾ ਕੇਵਲ ਅਭਿਆਸ ਹੀ ਨਹੀਂ, ਸਗੋਂ ਇਹ ਆਪਣੇ-ਆਪ ਵਿਚ ਸੰਸਾਰ, ਆਤਮ ਭਾਲ ਦੀ ਭਾਵਨਾ ਨੂੰ ਖੋਜਣ ਦਾ ਇੱਕ ਬਿਹਤਰੀਨ ਤਰੀਕਾ ਹੈ।ਡਿਪਟੀ ਕਮਿਸ਼ਨਰ ਨੇ ਕਿਹਾ ਕਿ ਅਜੋਕੀ ਭੱਜ-ਦੌੜ ਦੀ ਜ਼ਿੰਦਗੀ ਵਿੱਚ ਸਾਨੂੰ ਰੋਜ਼ਾਨਾਂ ਕੁਝ ਸਮਾਂ ਆਪਣੇ ਲਈ ਜ਼ਰੂਰ ਕੱਢਣਾ ਚਾਹੀਦਾ ਹੈ।ਡਿਪਟੀ ਕਮਿਸ਼ਨਰ ਨੇ ਅੱਗੇ ਦੱਸਿਆ ਕਿ ਗੁਰਦਾਸਪੁਰ ਜ਼ਿਲ੍ਹਾ ਵਾਸੀਆਂ ਨੂੰ ਨਿਰੋਈ ਸਿਹਤ ਸਬੰਧੀ ਜਾਗਰੂਕ ਕਰਨ ਲਈ ਸੀ. ਐੱਮ. ਦੀ ਯੋਗਸ਼ਾਲਾ ਤਹਿਤ ਜ਼ਿਲ੍ਹੇ ਵਿੱਚ 22 ਯੋਗ ਟਰੇਨਰਾਂ ਵੱਲੋਂ ਰੋਜ਼ਾਨਾ 119 ਯੋਗ ਕਲਾਸਾਂ ਚਲਾਈਆਂ ਜਾ ਰਹੀਆਂ ਹਨ।ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸੀ.ਐੱਮ. ਦੀ ਯੋਗਸ਼ਾਲਾ ਨੂੰ ਜ਼ਿਲ੍ਹੇ ਦੇ ਪਿੰਡ-ਪਿੰਡ ਤੱਕ ਲਿਜਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਜੇਕਰ ਕਿਸੇ ਪਿੰਡ ਜਾਂ ਸ਼ਹਿਰ ਦੇ ਮੁਹੱਲਾ ਵਾਸੀ ਆਪਣੇ ਇਲਾਕੇ ਵਿੱਚ ਸੀ.ਐੱਮ. ਦੀ ਯੋਗਸ਼ਾਲਾ ਸ਼ੁਰੂ ਕਰਵਾਉਣਾ ਚਾਹੁੰਦੇ ਹਨ ਤਾਂ ਉਹ 76694-00500 ਉੱਪਰ ਮਿਸ ਕਾਲ ਕਰ ਸਕਦੇ ਹਨ। ਉਨ੍ਹਾਂ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਵੱਧ ਤੋਂ ਵੱਧ ਇਨ੍ਹਾਂ ਯੋਗਾ ਕਲਾਸਾਂ ਨਾਲ ਜੁੜ ਕੇ ਇਸ ਦਾ ਭਰਪੂਰ ਲਾਭ ਉਠਾਉਣ।ਇਸ ਯੋਗ ਸੈਸ਼ਨ ਵਿੱਚ ਸਹਾਇਕ ਸਿਵਲ ਸਰਜਨ ਡਾ. ਲਲਿਤ ਮੋਹਨ, ਮੁੱਖ ਖੇਤੀਬਾੜੀ ਅਫ਼ਸਰ ਡਾ. ਅਮਰੀਕ ਸਿੰਘ, ਜ਼ਿਲ੍ਹਾ ਖੇਡ ਅਫ਼ਸਰ ਸਿਮਰਨਜੀਤ ਸਿੰਘ ਰੰਧਾਵਾ, ਜ਼ਿਲ੍ਹਾ ਭੂਮੀ ਰੱਖਿਆ ਅਫ਼ਸਰ ਹਰਚਰਨ ਸਿੰਘ ਕੰਗ, ਜ਼ਿਲ੍ਹਾ ਸਿੱਖਿਆ ਅਫ਼ਸਰ (ਸ) ਰਾਜੇਸ਼ ਸ਼ਰਮਾ, ਨਗਰ ਸੁਧਾਰ ਟਰੱਸਟ ਗੁਰਦਾਸਪੁਰ ਦੇ ਟਰੱਸਟੀ ਰਘੁਬੀਰ ਸਿੰਘ ਖ਼ਾਲਸਾ, ਟਰੱਸਟੀ

ਨਵਾਂ ਜ਼ਮਾਨਾ
ਸੋਮਵਾਰ, 23 ਜੂਨ 2025

ਸ਼ਾਹ ਦਾ ਅੰਗਰੇਜ਼ੀ 'ਤੇ ਹਮਲਾ

ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦਾ ਇਹ ਕਹਿਣਾ ਕਿ 'ਸਾਡੀ ਜ਼ਿੰਦਗੀ ਵਿੱਚ ਉਹ ਦਿਨ ਆਏਗਾ ਜਦੋਂ ਅੰਗਰੇਜ਼ੀ ਬੋਲਣ ਵਾਲੇ ਸ਼ਰਮਿੰਦਾ ਮਹਿਸੂਸ ਕਰਨਗੇ' ਸਿਰਫ ਮਹਾਤਮਾ ਗਾਂਧੀ, ਰਵਿੰਦਰ ਨਾਥ ਟੈਗੋਰ ਤੇ ਮੌਲਾਨਾ ਆਜ਼ਾਦ ਵਰਗੇ ਸੁਤੰਤਰਤਾ ਸੰਗਰਾਮ ਦੇ ਮਹਾਨ ਆਗੂਆਂ ਦੀ ਵਿਰਾਸਤ ਦਾ ਹੀ ਅਪਮਾਨ ਨਹੀਂ, ਸਗੋਂ ਸੰਵਿਧਾਨ ਦੀ ਵੀ ਖੁੱਲ੍ਹੀ ਉਲੰਘਣਾ ਹੈ, ਜਿਸ ਵਿੱਚ ਭਾਰਤੀ ਭਾਸ਼ਾਵਾਂ ਤੇ ਅੰਗਰੇਜ਼ੀ ਦੋਹਾਂ ਦੀ ਵਰਤੋਂ ਦੀ ਸਪੱਸ਼ਟ ਵਿਵਸਥਾ ਕੀਤੀ ਗਈ ਹੈ। ਸ਼ਾਹ ਦੀ ਗੱਲ, ਜਿਹੜੀ ਨਫਰਤ ਫੈਲਾਉਣ ਵਾਲੇ ਬਿਆਨ ਦੀ ਸਰਹੱਦ ਨੂੰ ਛੂੰਹਦੀ ਹੈ, ਭਾਰਤ ਦੇ ਉਸ ਵਿਚਾਰ ਨੂੰ ਕਮਜ਼ੋਰ ਕਰਦੀ ਹੈ, ਜਿਹੜਾ ਭਾਸ਼ਾਈ ਵਿਵਿਧਤਾ ਤੇ ਸੱਭਿਆਚਾਰਕ ਬਹੁਲਤਾ ਵਿੱਚ ਮੌਜੂਦ ਹੈ। ਸ਼ਾਹ ਨੇ ਕਿਹਾ ਕਿ ਸਾਡੇ ਦੇਸ਼ ਦੀਆਂ ਭਾਸ਼ਾਵਾਂ ਸਾਡੀ ਸੰਸਕ੍ਰਿਤੀ ਦੇ ਗਹਿਣੇ ਹਨ ਤੇ ਇਨ੍ਹਾਂ ਦੇ ਬਿਨਾਂ ਅਸੀਂ ਭਾਰਤੀ ਨਹੀਂ ਕਹਿਲਾ ਸਕਦੇ। ਸਾਡੇ ਦੇਸ਼, ਉਸ ਦੀ ਸੰਸਕ੍ਰਿਤੀ, ਇਤਿਹਾਸ ਤੇ ਧਰਮ ਨੂੰ ਵਿਦੇਸ਼ੀ ਭਾਸ਼ਾਵਾਂ ਵਿੱਚ ਨਹੀਂ ਸਮਝਿਆ ਜਾ ਸਕਦਾ। ਇਹ ਬਿਆਨ ਇਸ ਸਚਾਈ ਨੂੰ ਨਜ਼ਰਅੰਦਾਜ਼ ਕਰਦਾ ਹੈ ਕਿ ਅੰਗਰੇਜ਼ੀ ਵਰਗੀਆਂ ਵਿਦੇਸ਼ੀ ਭਾਸ਼ਾਵਾਂ ਨੇ ਭਾਰਤੀ ਸੰਸਕ੍ਰਿਤੀ ਦੀ ਡੂੰਘਾਈ ਨੂੰ ਦੁਨੀਆ ਤੱਕ ਪਹੁੰਚਾਉਣ ਵਿੱਚ ਅਹਿਮ ਭੂਮਿਕਾ ਨਿਭਾਈ ਹੈ।

ਮਹਾਤਮਾ ਗਾਂਧੀ ਨੇ ਭਗਵਦ ਗੀਤਾ ਮੂਲ ਸੰਸਕ੍ਰਿਤ ਵਿੱਚ ਨਹੀਂ ਪੜ੍ਹੀ ਸੀ। ਪਹਿਲੀ ਵਾਰ ਉਨ੍ਹਾ ਇਸ ਨੂੰ ਲੰਡਨ ਵਿੱਚ 'ਦੀ ਸੌਂਗ ਸੇਲੇਸਟਿਅਲ' ਨਾਂਅ ਦੇ ਅੰਗਰੇਜ਼ੀ ਅਨੁਵਾਦ ਵਿੱਚ ਪੜ੍ਹਿਆ, ਜਿਹੜਾ ਐਡਵਿਨ ਅਰਨੋਲਡ ਨੇ ਕੀਤਾ ਸੀ। ਇਸ ਅਨੁਵਾਦ ਦਾ ਗਾਂਧੀ 'ਤੇ ਏਨਾ ਡੂੰਘਾ ਰੂਹਾਨੀ ਅਸਰ ਹੋਇਆ ਕਿ ਇਹ ਉਨ੍ਹਾ ਦੇ ਜੀਵਨ ਤੇ ਵਿਚਾਰਾਂ ਨੂੰ ਪੂਰੀ ਤਰ੍ਹਾਂ ਬਦਲਣ ਵਾਲਾ ਤਜਰਬਾ ਬਣ ਗਿਆ ਅਤੇ ਇਹ ਵਿਚਾਰ ਅੱਗੇ ਜਾ ਕੇ ਸੁਤੰਤਰਤਾ ਸੰਗਰਾਮ ਦੀ ਬੁਨਿਆਦ ਬਣੇ। ਸਿਰਫ ਇਸ ਲਈ ਕਿ ਉਹ ਗੀਤਾ ਅੰਗਰੇਜ਼ੀ ਵਿੱਚ ਸੀ, ਉਸ ਦਾ ਮਹੱਤਵ ਘੱਟ ਨਹੀਂ ਹੋ ਗਿਆ ਸੀ। ਗਾਂਧੀ ਨੇ ਭਾਰਤੀ ਭਾਸ਼ਾਵਾਂ ਦੀ ਵਕਾਲਤ ਕੀਤੀ, ਪਰ ਨਾਲ ਹੀ ਉਨ੍ਹਾ ਅੰਗਰੇਜ਼ੀ ਲਿਖਣ-ਬੋਲਣ ਲਈ ਵੀ ਕਿਹਾ। ਉਨ੍ਹਾ 26 ਜਨਵਰੀ 1921 ਨੂੰ 'ਯੰਗ ਇੰਡੀਆ' ਵਿੱਚ ਲਿਖਿਆ ਸੀ, "ਮੈਂ ਚਾਹੁੰਦਾ ਹਾਂ ਕਿ ਸਾਡੇ ਨੌਜਵਾਨ ਮੁੰਡੇ-ਕੁੜੀਆਂ, ਜਿਨ੍ਹਾਂ ਵਿੱਚ ਸਾਹਿਤਕ ਰੁਚੀ ਹੈ, ਅੰਗਰੇਜ਼ੀ ਜਾਂ ਹੋਰ ਵਿਦੇਸ਼ੀ ਭਾਸ਼ਾਵਾਂ ਜਿੰਨੀਆਂ ਚਾਹੁਣ, ਸਿੱਖਣ ਅਤੇ ਫਿਰ ਉਸ ਗਿਆਨ ਦਾ ਲਾਭ ਭਾਰਤ ਤੇ ਦੁਨੀਆ ਨੂੰ ਦੇਣ, ਜਿਵੇਂ ਬੋਸ, ਰੇਅ ਜਾਂ ਟੈਗੋਰ ਨੇ ਕੀਤਾ, ਪਰ ਮੈਂ ਇਹ ਨਹੀਂ ਚਾਹੁੰਦਾ ਕਿ ਕੋਈ ਵੀ ਭਾਰਤੀ ਆਪਣੀ ਮਾਤ-ਭਾਸ਼ਾ ਨੂੰ ਭੁੱਲੇ, ਨਜ਼ਰਅੰਦਾਜ਼ ਕਰੇ ਜਾਂ ਉਸ ਤੋਂ ਸ਼ਰਮਿੰਦਾ ਹੋਵੇ।" ਗਾਂਧੀ ਦਾ ਇਹ ਨਜ਼ਰੀਆ ਸੰਕੀਰਨ ਰਾਸ਼ਟਰਵਾਦ ਜਾਂ ਭਾਸ਼ਾਈ ਸ੍ਰੇਸ਼ਠਤਾ 'ਤੇ ਨਹੀਂ ਸਗੋਂ ਇੱਕ ਸਮਾਵੇਸ਼ੀ ਤੇ ਵਿਸ਼ਵੀ ਸੋਚ 'ਤੇ ਅਧਾਰਤ ਸੀ। ਟੈਗੋਰ ਨੇ ਅੰਗਰੇਜ਼ੀ ਰਸਮੀ ਤੌਰ 'ਤੇ ਨਹੀਂ ਪੜ੍ਹੀ ਸੀ, ਪਰ ਉਨ੍ਹਾ ਅੰਗਰੇਜ਼ੀ ਵਿੱਚ ਲੇਖ ਓਨੀ ਹੀ ਖੂਬਸੂਰਤੀ ਨਾਲ ਲਿਖੇ, ਜਿੰਨੀ ਖੂਬਸੂਰਤੀ ਨਾਲ ਬੰਗਲਾ ਵਿੱਚ ਕਵਿਤਾਵਾਂ, ਨਾਟਕ ਤੇ ਹੋਰ ਰਚਨਾਵਾਂ। ਮੌਲਾਨਾ ਅਬੁਲ ਕਲਾਮ ਆਜ਼ਾਦ ਨੇ ਅੰਗਰੇਜ਼ੀ ਦੀ ਰਸਮੀ ਸਿੱਖਿਆ ਨਹੀਂ ਲਈ ਸੀ, ਪਰ ਫਿਰ ਵੀ ਉਨ੍ਹਾ ਇਸ ਭਾਸ਼ਾ ਦੇ ਮਹੱਤਵ ਨੂੰ ਸਮਝਿਆ। ਉਨ੍ਹਾ ਲਿਖਿਆ, "ਚਾਹੇ ਅੰਗਰੇਜ਼ੀ ਭਾਸ਼ਾ ਸਾਡੇ ਜੀਵਨ ਵਿੱਚ ਜਿਵੇਂ ਵੀ ਆਈ ਹੋਵੇ, ਇਹ ਤੱਥ ਹੈ ਕਿ ਇਸ ਨੇ ਪਿਛਲੇ ਡੇਢ ਸੌ ਵਰ੍ਹਿਆਂ ਤੋਂ ਸਾਡੇ ਮਾਨਸਿਕ ਤੇ ਵਿੱਦਿਅਕ ਨਜ਼ਰੀਏ ਨੂੰ ਪ੍ਰਭਾਵਤ ਕੀਤਾ ਹੈ। ਅੰਗਰੇਜ਼ੀ ਨੇ ਦੇਸ਼ ਨੂੰ ਇੱਕਜੁਟ ਕਰਨ ਵਿੱਚ ਵੱਡੀ ਭੂਮਿਕਾ ਨਿਭਾਈ। ਇਹ ਉਹ ਕੰਮ ਕਰ ਗਈ, ਜੋ ਕਦੇ ਮੁਗਲ ਦੌਰ ਵਿੱਚ ਫਾਰਸੀ ਨੇ ਕੀਤਾ ਸੀ।" ਨਾਲ ਹੀ ਉਨ੍ਹਾ ਇਹ ਵੀ ਕਿਹਾ ਕਿ ਅੰਗਰੇਜ਼ੀ ਹਮੇਸ਼ਾ ਪ੍ਰਮੁੱਖ ਭਾਸ਼ਾ ਨਹੀਂ ਰਹਿ ਸਕਦੀ ਤੇ ਭਾਰਤੀ ਭਾਸ਼ਾਵਾਂ ਨੂੰ ਉਨ੍ਹਾ ਦਾ ਬਣਦਾ ਸਥਾਨ ਮਿਲਣਾ ਚਾਹੀਦਾ ਹੈ, ਪਰ 'ਸੋਚ-ਸਮਝ ਕੇ'। ਸ਼ਾਹ ਦੀ ਟਿੱਪਣੀ ਇਸ 'ਸੋਚ-ਸਮਝ' ਤੋਂ ਕੋਹਾਂ ਦੂਰ ਹੈ ਤੇ ਸਿੱਧੀ ਸੰਵਿਧਾਨ ਦੇ ਖਿਲਾਫ ਵੀ। ਆਰਟੀਕਲ 120 ਮੁਤਾਬਕ ਸਾਂਸਦ ਹਿੰਦੀ, ਅੰਗਰੇਜ਼ੀ ਤੇ ਆਪਣੀ ਮਾਤ-ਭਾਸ਼ਾ ਬੋਲ ਸਕਦੇ ਹਨ। ਅਸੈਂਬਲੀਆਂ ਵਿੱਚ ਵੀ ਅੰਗਰੇਜ਼ੀ ਬੋਲਣ ਦੀ ਆਗਿਆ ਹੈ। ਸ਼ਾਹ ਨੂੰ ਇੱਕ ਰਾਸ਼ਟਰ-ਇੱਕ ਸੰਸਕ੍ਰਿਤੀ ਦੀ ਪੁਰਾਣੀ ਸੋਚ ਤੋਂ ਅੱਗੇ ਵਧਣਾ ਚਾਹੀਦਾ ਹੈ। ਭਾਰਤ ਦੀ ਅਸਲੀ ਪਛਾਣ ਵਿਵਿਧਤਾ ਵਿੱਚ ਹੈ ਅਤੇ ਇਸ ਵਿੱਚ ਭਾਸ਼ਾਈ ਵਿਵਿਧਤਾ ਵੀ ਸ਼ਾਮਲ ਹੈ। ਭਾਰਤੀ ਭਾਸ਼ਾਵਾਂ, ਅੰਗਰੇਜ਼ੀ ਤੇ ਹੋਰ ਵਿਦੇਸ਼ੀ ਭਾਸ਼ਾਵਾਂ-ਸਭ ਨੇ ਮਿਲ ਕੇ ਭਾਰਤ ਦੀ ਸਭਿਆਗਤ ਵਿਰਾਸਤ ਨੂੰ ਅਮੀਰ ਬਣਾਇਆ ਹੈ।

ਸੰਘ ਤੇ ਭਾਜਪਾ ਦੇ ਫਿਰਕੂ ਏਜੰਡੇ ਤੋਂ ਸੁਚੇਤ ਹੋਈਏ



ਮੰਗਤ ਰਾਮ ਪਾਸਲਾ

ਅੱਜਕੱਲ੍ਹ ਆਰ ਐੱਸ ਐੱਸ., ਕੇਂਦਰ ਦੀ ਮੋਦੀ ਸਰਕਾਰ ਤੇ ਸਮੁੱਚੇ ਸੰਘ ਪਰਵਾਰ ਦੀਆਂ ਅੱਖਾਂ 'ਚ ਪੰਜਾਬੀਆਂ ਦਾ ਨਾਬਰੀ ਦਾ ਸੁਭਾਅ ਕੁਝ ਵਧੇਰੇ ਹੀ ਰੜਕ ਰਿਹਾ ਹੈ।

ਪੰਜਾਬੀਆਂ ਨੂੰ ਦੇਸ਼ ਭਰ ਦੇ ਲੋਕ ਬਰਾਬਰੀ ਤੇ ਸਾਂਝੀਵਾਲਤਾ ਦੇ ਅਸੂਲਾਂ 'ਤੇ ਆਧਾਰਿਤ ਸਮਾਜ ਸਿਰਜਣ ਲਈ ਜੂਝਣ ਦੇ ਚਾਹਵਾਨਾਂ, ਮਨੁੱਖੀ ਆਜ਼ਾਦੀਆਂ ਦੇ ਅਲੰਬਰਦਾਰਾਂ, ਆਪਣੇ ਅਕੀਦੇ ਲਈ ਜੱਦੋਜਹਿਦ ਕਰਦਿਆਂ ਅਦੁੱਤੀ ਤਿਆਗ ਕਰਨ ਵਾਲੀ ਮਾਣਮੱਤੀ ਵਿਰਾਸਤ ਦੇ ਮਾਲਕਾਂ ਤੇ ਲੋਕ ਹਿਤਾਂ ਲਈ ਮਰ-ਮਿਟਣ ਦੇ ਸ਼ਾਨਦਾਰ ਇਤਿਹਾਸ ਦੇ ਸਿਰਜਕਾਂ ਵਜੋਂ ਦੇਖਦੇ ਹਨ। ਇਸ ਨਜ਼ਰੀਏ ਤੋਂ ਨੀਝ ਨਾਲ ਦੇਖਿਆਂ ਸੰਘ-ਭਾਜਪਾ ਦੀ ਪੰਜਾਬੀਆਂ ਨਾਲ ਕੌੜ ਦਾ ਸਾਰਾ ਕੱਚ-ਸੱਚ ਸੌਖਿਆਂ ਹੀ ਸਮਝ ਆ ਜਾਂਦਾ ਹੈ। ਅਸਲ 'ਚ ਸੰਘ-ਭਾਜਪਾ ਪੰਜਾਬ 'ਚ ਆਪਣੀ ਸਿਆਸੀ ਤੇ ਵਿਚਾਰਧਾਰਕ ਪੈਠ ਬਣਾਉਣ ਤੇ ਸੂਬੇ ਦੀ ਰਾਜਨੀਤੀ 'ਚ ਘੁਸਪੈਠ ਕਰਨ ਲਈ ਬਹੁਤ ਆਤੁਰ ਹਨ। ਆਪਣੇ ਇਨ੍ਹਾਂ ਕੋਝੇ ਇਰਾਦਿਆਂ ਨੂੰ ਅਮਲੀ ਜ਼ਾਮਾ ਪਹਿਨਾਉਣ ਲਈ ਆਰ.ਐੱਸ.ਐੱਸ. ਦੇ ਉੱਚ ਆਗੂ ਪਿਛਲੇ ਕਾਫੀ ਸਮੇਂ ਤੋਂ ਸੂਬੇ ਦੇ ਸਾਰੇ ਭਾਗਾਂ 'ਚ ਲਗਾਤਾਰ ਲੁਕਵੇਂ ਤੇ ਜ਼ਾਹਿਰਾ ਗੇੜੇ ਮਾਰ ਰਹੇ ਹਨ। ਸਰਹੱਦੀ ਇਲਾਕਿਆਂ 'ਚ ਉਹ ਲੰਮੇ ਸਮੇਂ ਤੋਂ ਉਚੇਚ ਨਾਲ ਸਰਗਰਮੀਆਂ ਕਰ ਰਹੇ ਹਨ। ਉਨ੍ਹਾਂ ਦਾ ਇਰਾਦਾ ਪੰਜਾਬ ਦੀ ਸਿਆਸਤ, ਸੱਭਿਆਚਾਰ ਤੇ ਮਾਨਵੀ ਵਿਚਾਰਧਾਰਾ ਨੂੰ ਹਿੰਦੂਤਵੀ-ਭਗਵਾਂ ਰੰਗ ਦੇਣਾ ਹੈ, ਪ੍ਰੰਤੂ ਪੰਜਾਬੀਆਂ ਦਾ ਉਪਰ ਬਿਆਨਿਆ ਨਿੱਗਰ ਵਿਰਸਾ ਤੇ ਮਾਨਵ ਹਿਤੈਸ਼ੀ ਸੋਚ ਸੰਘ-ਭਾਜਪਾ ਦੇ ਉਕਤ ਯਤਨਾਂ ਦੇ ਰਾਹ ਦਾ ਸਭ ਤੋਂ ਵੱਡਾ ਅੜਿੱਕਾ ਬਣੇ ਹੋਏ ਹਨ।

ਅਕਾਲੀ-ਭਾਜਪਾ ਗਠਜੋੜ ਦੀਆਂ ਸਾਂਝੀਆਂ ਸਰਕਾਰਾਂ ਦੇ ਦੌਰ 'ਚ ਸੰਘੀ ਸੰਗਠਨਾਂ ਨੂੰ ਸੂਬੇ ਦੇ ਸ਼ਹਿਰੀ ਖੇਤਰਾਂ ਦੇ ਨਾਲ-ਨਾਲ ਅਰਧ ਸ਼ਹਿਰੀ ਤੇ ਪੇਂਡੂ ਖੇਤਰਾਂ 'ਚ ਵੀ ਘੁਸਪੈਠ ਕਰਨ ਦਾ ਢੁਕਵਾਂ ਮੌਕਾ ਮਿਲਿਆ ਸੀ। ਇੱਥੋਂ ਤੱਕ ਕਿ ਸਿੱਖ ਧਾਰਮਿਕ ਸੰਸਥਾਵਾਂ 'ਚ ਵੀ ਉਨ੍ਹਾਂ ਦਾ ਦਖ਼ਲ ਚਿੰਤਾਜਨਕ ਹੱਦ ਤੱਕ ਵਧ ਗਿਆ ਸੀ। ਯਾਦ ਰਹੇ, ਅਕਾਲੀ ਦਲ ਤੇ ਭਾਜਪਾ ਦੇ ਆਗੂ ਦੋਹਾਂ ਦਲਾਂ ਦੇ ਗਠਜੋੜ ਤੇ ਇਨ੍ਹਾਂ ਦੀਆਂ ਸਾਂਝੀਆਂ ਸਰਕਾਰਾਂ ਨੂੰ ਹਿੰਦੂ-ਸਿੱਖ ਏਕਤਾ ਦਾ ਪ੍ਰਤੀਕ ਕਹਿ ਕੇ ਵਡਿਆਉਂਦੇ ਰਹੇ ਹਨ, ਜਦ ਕਿ ਹਕੀਕਤ ਇਹ ਹੈ ਕਿ ਇਸ ਗਠਜੋੜ ਨੇ ਸੂਬੇ ਅੰਦਰ ਆਰ ਐਸ ਐਸ ਦੀ ਉਸ ਜ਼ਹਿਰੀਲੀ, ਵੰਡਵਾਦੀ ਵਿਚਾਰਧਾਰਾ ਨੂੰ ਵੱਧਣ-ਫੁੱਲਣ ਦਾ ਖੂਬ ਮੌਕਾ ਪ੍ਰਦਾਨ ਕੀਤਾ ਹੈ, ਜੋ ਬਹੁ-ਗਿਣਤੀ ਹਿੰਦੂ ਵਸੋਂ ਦੇ ਮਨਾਂ 'ਚ ਸਿੱਖਾਂ ਸਮੇਤ ਸਮੂਹ ਘੱਟ ਗਿਣਤੀਆਂ ਖਿਲਾਫ਼ ਡੂੰਘੀ ਨਫ਼ਰਤ ਭਰਨ ਰਾਹੀਂ ਸਮਾਜਿਕ ਦਰਾੜ ਪੈਦਾ ਕਰਦੀ ਹੈ।

ਅਕਾਲੀ ਦਲ ਦੇ ਅਜੋਕੇ ਹਸ਼ਰ ਦਾ ਇਕ ਪ੍ਰਮੁੱਖ ਕਾਰਨ ਇਸ ਦੇ ਆਗੂਆਂ ਵੱਲੋਂ ਸਿੱਖ ਗੁਰੂ ਸਾਹਿਬਾਨ ਤੇ ਭਗਤੀ ਲਹਿਰ ਦੇ ਮਹਾਂਪੁਰਸ਼ਾਂ ਦੀ ਬਾਣੀ ਤੇ ਸਿੱਖਿਆਵਾਂ ਤੋਂ ਮੂੰਹ ਮੋੜ ਕੇ ਸੱਤਾ ਤੇ ਪੈਸੇ ਦੀ ਲਾਲਸਾ ਤਹਿਤ ਭਾਜਪਾ ਵਰਗੀ ਫਿਰਕੂ ਪਾਰਟੀ ਨਾਲ ਰਾਜਨੀਤਕ ਸਾਂਝ ਪਾਉਣਾ ਵੀ ਹੈ। ਅਕਾਲੀ ਆਗੂਆਂ ਨੇ ਭਾਜਪਾ ਦੀ ਏਕਾਧਿਕਾਰੀ ਪ੍ਰਵਿਰਤੀ ਮੂਹਰੇ ਗੋਡੇ ਟੇਕਦਿਆਂ ਧਾਰਮਿਕ ਘੱਟ ਗਿਣਤੀਆਂ ਦੇ ਹੱਕ-ਹਕੂਕ ਦੀ ਰਾਖੀ ਦੀ ਅਲੰਬਰਦਾਰ, ਲੋਕਰਾਜ ਤੇ ਫੈਡਰਲਿਜ਼ਮ ਨੂੰ ਸਮਰਪਿਤ ਖੇਤਰੀ ਪਾਰਟੀ ਵਜੋਂ ਨਿਭਾਏ ਜਾਣ ਵਾਲੇ ਆਪਣੇ ਫਰਜ਼ਾਂ ਤੋਂ ਮੂੰਹ ਮੋੜ ਲਿਆ। ਇਸ ਸਵੈਘਾਤੀ ਰਾਹ 'ਤੇ ਚਲਦਿਆਂ ਅਕਾਲੀ ਦਲ ਨੇ ਫੈਡਰਲ ਢਾਂਚੇ ਦੀ ਰਾਖੀ ਤੇ ਮਜ਼ਬੂਤੀ, ਪੰਜਾਬ ਦੀਆਂ ਹੱਕ ਵਜਾਨਬ ਮੰਗਾਂ ਦੀ ਪ੍ਰਾਪਤੀ ਲਈ ਜੱਦੋ-ਜਹਿਦ ਕਰਨ ਤੇ ਸੂਬੇ ਦਾ ਲੋਕ-ਪੱਖੀ ਸੰਤੁਲਤ ਆਰਥਿਕ ਵਿਕਾਸ ਕਰਨ ਦਾ ਰਾਹ ਤਿਆਗ ਦਿੱਤਾ। ਵੈਸੇ ਵੀ ਸੌੜੇ ਸਿਆਸੀ ਹਿੱਤ ਪੂਰਨ ਲਈ ਅਕਾਲੀ ਨੇਤਾਵਾਂ ਵੱਲੋਂ ਕੀਤੀ ਗਈ ਧਰਮ ਦੀ ਰੱਜਵੀਂ ਦੁਰਵਰਤੋਂ ਦਲ ਨੂੰ ਦੇਸ਼ ਪੱਧਰੀ ਸਭ ਤੋਂ ਵੱਡੀ ਫਿਰਕੂ ਪਾਰਟੀ ਭਾਜਪਾ ਤੋਂ ਅਗਾਂਹ ਨਹੀਂ ਤਾਂ ਭਾਜਪਾ ਦੇ ਨੇੜੇ-ਤੇੜੇ ਜ਼ਰੂਰ ਲੈ ਜਾਂਦੀ ਹੈ।

ਅੱਜ ਕੇਂਦਰੀ ਸੱਤਾ 'ਤੇ ਕਾਬਜ਼ ਮੋਦੀ ਸਰਕਾਰ, ਆਰ.ਐੱਸ.ਐੱਸ. ਦੇ ਧਰਮ ਅਧਾਰਤ ਗੈਰ ਲੋਕ ਰਾਜੀ (ਹਿੰਦੂਤਵੀ) ਰਾਸ਼ਟਰ ਦੀ ਕਾਇਮੀ ਦੇ ਏਜੰਡੇ ਦੀ ਸਫਲਤਾ ਲਈ ਪੂਰਾ ਤਾਣ ਲਾ ਰਹੀ ਹੈ, ਪ੍ਰੰਤੂ ਅਕਾਲੀ ਆਗੂ ਅਤੀਤ ਤੋਂ ਸਬਕ ਸਿੱਖਦੇ ਹੋਏ ਅਜੇ ਵੀ ਜਮਹੂਰੀ ਤੇ ਧਰਮ ਨਿਰਪੱਖ ਕਦਰਾਂ-ਕੀਮਤਾਂ ਅਤੇ ਧਾਰਮਿਕ ਘੱਟ ਗਿਣਤੀਆਂ ਦੇ ਹਿੱਤਾਂ ਦੀ ਰਾਖੀ ਦੀ ਦਾਅਵੇਦਾਰ ਖੇਤਰੀ ਪਾਰਟੀ ਵਜੋਂ ਸਪੱਸ਼ਟ ਪੈਂਤੜਾ ਲੈਣ ਨੂੰ ਤਿਆਰ ਨਹੀਂ ਹਨ। ਇਸ ਦੇ ਉਲਟ ਸੰਘ ਪਰਵਾਰ ਤੇ ਭਾਜਪਾ ਵੱਲੋਂ ਦੇਸ਼ ਤੇ ਦੇਸ਼ ਵਾਸੀਆਂ ਨੂੰ ਦਰਪੇਸ਼ ਵੱਡੇ ਖਤਰਿਆਂ ਦੇ ਬਾਵਜੂਦ ਅਕਾਲੀ ਆਗੂ ਸੱਤਾ ਪ੍ਰਾਪਤੀ ਲਈ ਅੱਜ ਵੀ ਭਾਜਪਾ ਨਾਲ ਸਾਂਝਾਂ ਪਾਉਣ ਲਈ ਤਿਆਰ-ਬਰ-ਤਿਆਰ ਬੈਠੇ ਹਨ। ਭਾਜਪਾ ਪ੍ਰਤੀ ਨਰਮ ਗੋਸ਼ਾ ਰੱਖਦੇ ਸੱਤਾ 'ਚ ਭਾਗੀਦਾਰੀ ਲਈ ਇਸ ਨਾਲ ਸਾਂਝਾਂ ਪਾਉਣ ਲਈ ਕਾਹਲੇ ਅਜਿਹੇ ਨੇਤਾ ਅਕਾਲੀ ਦਲ ਦੇ 'ਬਾਗ਼ੀ' ਤੇ 'ਦਾਗ਼ੀ' ਦੋਨਾਂ ਧੜਿਆਂ 'ਚ ਹੀ ਮੌਜੂਦ ਹਨ। ਇਹ ਵੱਖਰੀ ਗੱਲ ਹੈ ਕਿ ਭਾਜਪਾ ਵਾਲੇ ਅਕਾਲੀ ਆਗੂਆਂ ਦੀਆਂ ਇੱਛਾਵਾਂ ਪੂਰੀਆਂ ਕਰਨ ਲਈ ਅਜੇ ਕੋਈ ਹੁੰਗਾਰਾ ਨਹੀਂ ਭਰ ਰਹੇ। ਦਰਅਸਲ ਉਹ ਦਲ-ਬਦਲੂਆਂ ਦੀ ਮਦਦ ਨਾਲ ਅਕਾਲੀ ਦਲ ਦੇ ਜਨਤਕ ਅਧਾਰ ਨੂੰ ਹੋਰ ਖੋਰਾ ਲਾ ਕੇ ਪ੍ਰਾਂਤ ਅੰਦਰ ਅਕਾਲੀ ਦਲ ਦੇ ਮੁਕਾਬਲੇ ਵੱਡੀ ਰਾਜਸੀ ਧਿਰ ਦਾ ਰੁਤਬਾ ਹਾਸਲ ਕਰਨ ਲਈ ਯਤਨਸ਼ੀਲ ਹਨ। ਸਿੱਖਾਂ ਦੇ ਵੱਖੋ-ਵੱਖ ਧਾਰਮਿਕ ਡੇਰਿਆਂ 'ਤੇ ਕਾਬਜ਼ ਨਾਮ ਨਿਹਾਦ ਸੰਤਾਂ ਵੱਲੋਂ ਜਿਵੇਂ ਖੁੱਲ੍ਹ ਕੇ ਭਾਜਪਾ ਦੀ ਹਮਾਇਤ ਕੀਤੀ ਜਾ ਰਹੀ ਹੈ, ਉਸ ਤੋਂ ਪਤਾ ਲੱਗਦਾ ਹੈ ਕਿ 'ਸਿੱਖ ਰਾਜ' ਦੇ ਨਾਅਰਿਆਂ ਰਾਹੀਂ ਸਿੱਖ ਨੌਜਵਾਨਾਂ ਨੂੰ ਗੁੰਮਰਾਹ ਕਰਕੇ 'ਔਝੜ' ਰਾਹਾਂ 'ਤੇ ਤੋਰਨ ਵਾਲੇ ਹਕੂਮਤੀ ਏਜੰਟ ਹੁਣ ਆਰ. ਐੱਸ.ਐੱਸ. ਦੇ 'ਹਿੰਦੂ ਰਾਸ਼ਟਰ' ਦੀ ਕਾਇਮੀ ਦੇ ਨਿਸ਼ਾਨੇ ਦੇ ਹੱਕ 'ਚ ਨਿਸ਼ੰਗ ਨਿੱਤਰ ਆਏ ਹਨ। ਇਹ ਵਰਤਾਰਾ ਪੰਜਾਬ ਲਈ ਤਾਂ ਖਤਰੇ ਦੀ ਘੰਟੀ ਹੈ ਹੀ, ਇਸ ਨੂੰ ਮਹਾਨ ਸਿੱਖ ਫਲਸਫੇ ਅੰਦਰ ਖੋਟ ਰਲਾ ਕੇ ਇਸ ਨੂੰ ਖੋਖਲਾ ਕਰਨ ਦੇ ਛੜਯੰਤਰ ਵਜੋਂ ਵੀ ਦੇਖਿਆ ਜਾਣਾ ਚਾਹੀਦਾ ਹੈ।

ਯਾਦ ਕਰੋ, ਪਿਛਲੇ ਦਿਨੀਂ ਇਕ ਗਾਇਕਾ ਨੇ ਜਦੋਂ ਮਸ਼ਹੂਰ ਭਜਨ,

'ਰਘੂਪਤੀ ਰਾਘਵ ਰਾਜਾ ਰਾਮ,
ਪਤਿਤ ਪਾਵਨ ਸੀਤਾ ਰਾਮ,
ਈਸ਼ਵਰ ਅੱਲਾ ਤੇਰੇ ਨਾਮ,
ਸਭ ਕੋ ਸਨਮਤੀ ਦੇ ਭਗਵਾਨ'

ਗਾਉਂਦਿਆਂ 'ਅੱਲਾਹ' ਸ਼ਬਦ ਦਾ ਉਚਾਰਨ ਕੀਤਾ ਸੀ ਤਾਂ ਸੰਘ ਪਰਵਾਰ ਦੇ ਖਰੂਦੀ ਤੱਤ ਕਿਵੇਂ ਉਸ ਗਾਇਕਾ 'ਤੇ ਟੁੱਟ ਪਏ ਸਨ! ਇਹ ਬੇਹਯਾ ਟੋਲੇ ਉਸ ਗਾਇਕਾ ਨਾਲ ਬਦਤਮੀਜ਼ੀ ਤੇ ਹੱਥੋਪਾਈ ਕਰਨ ਤੱਕ ਉਤਰ ਆਏ ਸਨ। ਇਹੋ ਸ਼ਾਵਨਵਾਦੀ ਖਰੂਦੀ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸੰਕਲਿਤ ਬਾਣੀ ਦਾ ਪਾਠ ਕਰਦਿਆਂ ਇਸ ਵਿਚ ਦਰਜਨਾਂ ਵਾਰ ਲਿਖੇ ਹੋਏ 'ਅੱਲਾਹ' ਸ਼ਬਦ ਦੇ ਉਚਾਰਨ 'ਤੇ ਕਿਉਂ ਨਹੀਂ ਤਿਲਮਿਲਾਉਣਗੇ? ਯਾਦ ਰਹੇ ਸਰਬ ਸਾਂਝੇ ਸ੍ਰੀ ਗੁਰੂ ਗ੍ਰੰਥ ਸਾਹਿਬ ਅੰਦਰ ਦੇਸ਼ ਦੇ ਸਾਰੇ ਧਰਮਾਂ ਨਾਲ ਸੰਬੰਧਤ ਭਗਤਾਂ ਅਤੇ ਸਮਾਜ ਸੁਧਾਰਕਾਂ ਦੀ ਬਾਣੀ ਸ਼ਾਮਿਲ ਕੀਤੀ ਗਈ ਹੈ, ਪ੍ਰੰਤੂ ਆਰ ਐੱਸ ਐੱਸ ਨੇ ਆਪਣੇ ਸਾਰੇ ਕੁਨਬੇ ਦੇ ਮਨਾਂ 'ਚ ਦੂਜੇ ਧਰਮਾਂ, ਖਾਸ ਕਰਕੇ ਮੁਸਲਮਾਨਾਂ ਖਿਲਾਫ਼ ਕੁੱਟ-ਕੁੱਟ ਕੇ ਨਫ਼ਰਤ ਭਰੀ ਹੋਈ ਹੈ। ਅਕਾਲੀ ਆਗੂਆਂ ਨੂੰ ਇਹ ਗੱਲ ਭਲੀਭਾਂਤ ਸਮਝ ਲੈਣੀ ਚਾਹੀਦੀ ਹੈ ਕਿ ਅਜੋਕੇ ਸਮੇਂ ਭਾਜਪਾ ਨਾਲ ਪਾਈ ਸਿਆਸੀ ਸਾਂਝ, ਜਿਸ ਨੂੰ ਅਤੀਤ 'ਚ ਉਹ ਨਹੁੰ-ਮਾਸ ਦਾ ਰਿਸ਼ਤਾ ਕਹਿ ਕੇ ਹੱਕੀ ਸਿੱਧ ਕਰਦੇ ਰਹੇ ਹਨ, ਅਕਾਲੀ ਦਲ ਨੂੰ ਹੋਰ ਖੇਰੂੰ-ਖੇਰੂ

ਮਾਸਟਰ ਕੇਡਰ ਤੇ ਲੈਕਚਰਾਰਾਂ ਦੀ ਭਰਤੀ ਲਈ ਸੰਘਰਸ਼ ਤਿੱਖਾ ਕਰਨ ਦਾ ਐਲਾਨ

ਬੀ ਐੱਡ ਟੈਟ ਪਾਸ ਬੇਰੁਜ਼ਗਾਰ ਅਧਿਆਪਕਾਂ ਵੱਲੋਂ ਰਣਨੀਤੀ ਤਿਆਰ

ਜਲਾਲਾਬਾਦ (ਜੀਤ ਕੁਮਾਰ)-ਬੇਰੁਜ਼ਗਾਰ ਟੈਟ ਪਾਸ ਅਧਿਆਪਕਾਂ ਵੱਲੋਂ ਮਾਸਟਰ ਕੇਡਰ ਦੇ ਸਾਰੇ ਵਿਸ਼ਿਆਂ ਵਿੱਚ ਭਰਤੀ ਤੇ 343 ਲੈਕਚਰਾਰਾਂ ਦੀ ਰੱਦ ਕੀਤੀ ਭਰਤੀ ਦਾ ਦੁਬਾਰਾ ਵੱਡੇ ਪੱਧਰ 'ਤੇ ਅਸਾਮੀਆਂ ਖਾਲੀ ਭਰਨ ਲਈ ਪੰਜਾਬ ਸਰਕਾਰ ਤੋਂ ਇਸ਼ਤਿਹਾਰ ਜਾਰੀ ਕਰਵਾਉਣ ਲਈ ਸੰਘਰਸ਼ ਵਿੱਢਿਆ ਹੋਇਆ ਹੈ, ਪ੍ਰੰਤੂ ਪੰਜਾਬ ਸਰਕਾਰ ਦੇ ਕੰਨ 'ਤੇ ਜੂੰ ਤੱਕ ਨਹੀਂ ਸਰਕ ਰਹੀ। ਇਸ ਦੇ ਵਿਰੋਧ ਵਜੋਂ ਹੁਣ ਬੇਰੁਜ਼ਗਾਰ ਟੈਟ ਪਾਸ ਬੀ. ਐੱਡ. ਅਧਿਆਪਕਾਂ ਦਾ ਗੁੱਸਾ ਵੱਧਦਾ ਜਾ ਰਿਹਾ ਹੈ ਅਤੇ ਉਨ੍ਹਾਂ ਪੰਜਾਬ ਸਰਕਾਰ ਖਿਲਾਫ ਜ਼ਿਲ੍ਹਾ ਫਾਜ਼ਿਲਕਾ ਤੋਂ ਪੰਜਾਬ ਪੱਧਰੀ ਸੰਘਰਸ਼ ਸ਼ੁਰੂ ਕਰਨ ਦਾ ਐਲਾਨ ਕੀਤਾ ਹੈ। ਅੱਜ ਜਲਾਲਾਬਾਦ ਵਿਖੇ ਸੂਬਾ ਪ੍ਰਧਾਨ ਜਸਵੰਤ ਘੁਬਾਇਆ ਦੀ ਅਗਵਾਈ ਵਿੱਚ ਕੀਤੀ ਗਈ ਮੀਟਿੰਗ ਵਿੱਚ ਲਏ ਗਏ ਫੈਸਲੇ ਬਾਰੇ ਜਾਣਕਾਰੀ ਦਿੰਦਿਆਂ ਸੂਬਾ ਪ੍ਰਧਾਨ ਜਸਵੰਤ ਸਿੰਘ ਨੇ ਦੱਸਿਆ ਕਿ ਆਮ ਆਦਮੀ ਪਾਰਟੀ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਆਉਣ ਤੋਂ ਪਹਿਲਾਂ ਉਨ੍ਹਾਂ ਦੇ ਬੇਰੁਜ਼ਗਾਰ ਅਧਿਆਪਕਾਂ ਵੱਲੋਂ ਵੀ ਸਰਕਾਰ ਦੀ ਇਸ ਉਮੀਦ ਨਾਲ ਵੋਟਾਂ ਪਾ ਕੇ ਸਪੋਰਟ ਕੀਤੀ ਸੀ ਤਾਂ ਕਿ ਬਦਲਾਅ ਦੀ ਸਰਕਾਰ ਆਉਣ 'ਤੇ ਉਨ੍ਹਾਂ ਨੂੰ ਪੱਕੇ ਤੌਰ 'ਤੇ ਭਰਤੀ ਕੀਤਾ ਜਾਵੇਗਾ, ਪ੍ਰੰਤੂ ਹੋਇਆ ਇਸ ਦੇ ਉਲਟ ਹੈ। ਇਸ ਕਰਕੇ ਉੱਚ ਡਿਗਰੀਆਂ ਪ੍ਰਾਪਤ ਕਰਨ ਦੇ ਬਾਵਜੂਦ ਬੇਰੁਜ਼ਗਾਰ ਅਧਿਆਪਕ ਮਜ਼ਦੂਰੀਆਂ ਕਰਨ ਲਈ ਮਜਬੂਰ ਹਨ।

ਉਨ੍ਹਾਂ ਕਿਹਾ ਕਿ ਸੂਬੇ ਦੇ ਸਰਕਾਰੀ ਸਕੂਲਾਂ ਵਿੱਚ ਵੱਡੀ ਗਿਣਤੀ ਵਿੱਚ ਸਾਰੇ ਵਿਸ਼ਿਆਂ ਦੀਆਂ ਵੱਡੀ ਗਿਣਤੀ ਵਿੱਚ ਪੋਸਟਾਂ ਖਾਲੀ ਹਨ। ਸਮੇਂ ਸਮੇਂ 'ਤੇ ਸਰਕਾਰਾਂ ਵੱਲੋਂ ਨਿਗੂਣੀਆਂ ਪੋਸਟਾਂ ਦੇ ਕੇ ਲਗਾਤਾਰ ਟਾਲਾ ਵੱਟਿਆ ਗਿਆ ਹੈ, ਜਿਸ ਕਰਕੇ ਵੱਡੀ ਗਿਣਤੀ ਵਿੱਚ ਬੇਰੁਜ਼ਗਾਰੀ ਪਾਈ ਜਾ ਰਹੀ ਹੈ। ਹਾਜ਼ਰ ਆਗੂਆਂ ਨੇ ਮੰਗ ਕਰਦਿਆਂ ਕਿਹਾ ਕਿ ਮਾਸਟਰ ਕੇਡਰ ਤੇ ਲੈਕਚਰਾਰ ਦੇ ਸਾਰੇ ਵਿਸ਼ਿਆਂ ਦੀਆਂ ਵੱਡੀ ਗਿਣਤੀ ਵਿੱਚ ਸਾਰੀਆਂ ਖਾਲੀ ਅਸਾਮੀਆਂ ਦਾ ਇਸ਼ਤਿਹਾਰ ਤੁਰੰਤ ਜਾਰੀ ਕੀਤਾ ਜਾਵੇ। ਉਮਰ ਹੱਦ ਦਾ ਹੱਲ ਕੀਤਾ ਜਾਵੇ। ਮਾਸਟਰ ਕੇਡਰ ਲਈ ਗ੍ਰੈਜੂਏਸ਼ਨ ਵਿੱਚੋਂ 55% ਵਾਲੀ ਸ਼ਰਤ ਪੱਕੇ ਤੌਰ 'ਤੇ ਰੱਦ ਕੀਤੀ ਜਾਵੇ, ਕਿਉਂਕਿ ਬੀ-ਐੱਡ ਦੇ ਦਾਖ਼ਲੇ ਲਈ ਅੱਜ ਵੀ ਯੋਗਤਾ ਜਨਰਲ ਤੇ ਰਿਜ਼ਰਵ ਕੈਟਾਗਰੀਜ਼ ਲਈ ਗ੍ਰੈਜੂਏਸ਼ਨ 'ਚੋ ਘੱਟੋ-ਘੱਟ 50%, 45% ਹੀ ਹੈ, ਸੋ ਜਿਸ ਪ੍ਰਤੀਸ਼ਤਤਾ ਅਨੁਸਾਰ ਵਿਦਿਆਰਥੀ ਨੇ ਬੀ ਐੱਡ ਕੀਤੀ ਹੈ, ਉਸ ਨੂੰ ਹੀ ਵਿਚਾਰਿਆ ਜਾਵੇ, ਕਿਉਂਕਿ ਮਾਸਟਰ ਕੇਡਰ ਲਈ 150 ਨੰਬਰ ਦਾ ਸਕ੍ਰੀਨਿੰਗ ਪੇਪਰ ਹੁੰਦਾ ਹੈ, ਉਸ ਦੀ ਮੈਰਿਟ ਦੇ ਅਨੁਸਾਰ ਹੀ ਭਰਤੀ ਹੁੰਦੀ ਹੈ।

ਪੰਜਾਬ ਦੀਆਂ ਸਾਰੀਆਂ ਸਰਕਾਰੀ ਨੌਕਰੀਆਂ ਲਈ ਪੰਜਾਬ ਦੇ ਪੱਕੇ ਵਸਨੀਕ ਨੂੰ ਪਹਿਲ ਦਿੱਤੀ ਜਾਵੇ ਤੇ ਬਾਹਰੀ ਰਾਜਾਂ ਦਾ ਕੋਟਾ ਸੀਮਤ ਕੀਤਾ ਜਾਵੇ। ਆਗੂਆਂ ਨੇ ਇਸ ਮੰਗ 'ਤੇ ਵੀਜ਼ਜੋਰ ਦਿੱਤਾ ਕਿ ਬਾਹਰੀ ਰਾਜਾਂ ਦੇ ਉਮੀਦਵਾਰਾਂ ਨੂੰ ਦਸਵੀਂ ਜਮਾਤ ਦੀ ਪੰਜਾਬੀ ਭਾਸ਼ਾ ਵਾਧੂ ਵਿਸ਼ਾ ਬੰਦ ਕੀਤੀ ਜਾਵੇ। ਇਹ ਸਹੂਲਤ ਕੇਵਲ ਉਨ੍ਹਾਂ ਉਮੀਦਵਾਰਾਂ ਨੂੰ ਦਿੱਤੀ ਜਾਵੇ, ਜਿਨ੍ਹਾਂ ਨੇ ਪੰਜਾਬ ਸਕੂਲ ਸਿੱਖਿਆ ਬੋਰਡ ਤੋਂ ਦਸਵੀਂ ਕਲਾਸ ਪਾਸ ਕੀਤੀ ਹੋਵੇ।

ਅੰਤ ਵਿੱਚ ਆਗੂਆਂ ਨੇ ਕਿਹਾ ਕਿ ਉਹ ਹੁਣ ਪੰਜਾਬ ਪੱਧਰੀ ਬੇਰੁਜ਼ਗਾਰ ਟੈਟ ਪਾਸ ਅਧਿਆਪਕਾਂ ਦੇ ਸੰਘਰਸ਼ ਦੀ ਸ਼ੁਰੂਆਤ ਸਰਹੱਦੀ ਜ਼ਿਲਾ ਫਾਜ਼ਿਲਕਾ ਤੋਂ ਕਰਨਗੇ। ਉਨਾਂ ਪੰਜਾਬ ਭਰ ਦੇ ਸਮੂਹ ਬੇਰੁਜ਼ਗਾਰ ਟੈਟ ਪਾਸ ਅਧਿਆਪਕਾਂ ਨੂੰ ਸੱਦਾ ਦਿੰਦਿਆ ਕਿਹਾ ਕਿ ਉਹ ਇਸ ਮੋਰਚੇ ਵਿੱਚ ਵੱਡੀ ਗਿਣਤੀ ਵਿੱਚ ਸ਼ਾਮਲ ਹੋਣ। ਇਸ ਮੌਕੇ ਪਹੁੰਚੇ ਸਾਥੀ ਹਰਦੀਪ ਸਜਰਾਣਾ, ਨਛੱਤਰ, ਮਨੀਸ਼ ਫਾਜਿਲਕਾ, ਸੁਨੀਲ ਫਾਜਿਲਕਾ, ਸਤਨਾਮ, ਹਰਪ੍ਰੀਤ ਸਿੰਘ, ਬੱਬੂ ਫਿਰੋਜ਼ਪੁਰ, ਸੁਰੇਸ਼ ਅਬੋਹਰ, ਗੌਰਵ, ਕਾਲਾ, ਸ਼ਿੰਦਰ, ਸੰਦੀਪ, ਬੂਟਾ ਸਿੰਘ, ਬਲਜੀਤ ਸਿੰਘ, ਲਵਪ੍ਰੀਤ, ਬਿੰਦਰ, ਮਲਕੀਤ, ਵੀਨੂੰ ਸਰਾਰੀ, ਸੀਮਾ, ਗੁਰਮੀਤ ਆਦਿ ਸਮੇਤ ਮੀਟਿੰਗ ਪਹੁੰਚੇ ਹੋਏ ਹੋਰਨਾਂ ਸਾਥੀਆਂ ਨੇ ਤਿੱਖੇ ਸੰਘਰਸ਼ ਦਾ ਐਲਾਨ ਕੀਤਾ।

ਬੀ ਡੀ ਪੀ ਓ ਦਫਤਰ ਵਿਖੇ ਧਰਨਾ 7ਵੇਂ ਦਿਨ ਵੀ ਜਾਰੀ

ਭੀਖੀ (ਗੁਰਿੰਦਰ ਸਿੰਘ ਔਲਖ)-ਬੀ ਡੀ ਪੀ ਓ ਬਲਾਕ ਦਫਤਰ ਬਚਾਓ ਸੰਘਰਸ਼ ਕਮੇਟੀ ਵੱਲੋਂ ਚਲਾਇਆ ਮੋਰਚਾ 7ਵੇਂ ਦਿਨ ਵਿੱਚ ਦਾਖਲ ਹੋ ਗਿਆ।ਅੱਜ ਦੇ ਧਰਨੇ ਨੂੰ ਧੰਨਾ ਸਿੰਘ ਖੀਵਾ ਖ਼ੁਰਦ ਸਾਬਕਾ ਸਰਪੰਚ, ਭੋਲਾ ਸਿੰਘ ਸਮਾਓਂ ਆਗੂ ਪੀ ਕੇ ਯੂ, ਕੇਵਲ ਸਿੰਘ ਖੇਤ ਮਜ਼ਦੂਰ ਸਭਾ, ਧਰਮ ਪਾਲ ਨੀਟਾ ਸੀ ਪੀ ਆਈ ਐੱਮ ਐੱਲ ਲਿਬਰੇਸ਼ਨ, ਸੁਖਦੇਵ ਸਿੰਘ ਬੀ ਕੇ ਯੂ ਡਕੌਂਦਾ, ਗੁਲਾਬ ਖੀਵਾ, ਭੂਰਾ ਸਮਾਓਂ ਮਜ਼ਦੂਰ ਮੁਕਤੀ ਮੋਰਚਾ ਆਜ਼ਾਦ, ਰੂਪ ਸਿੰਘ ਕੁੱਲ ਹਿੰਦ ਕਿਸਾਨ ਸਭਾ, ਰਘਬੀਰ ਸਿੰਘ ਰੇਹੜੀ ਫੜ੍ਹੀ ਯੂਨੀਅਨ, ਦਿਨੇਸ਼ ਸੋਨੀ ਮਜ਼ਦੂਰ ਮੁਕਤੀ ਮੋਰਚਾ (ਲਿਬਰੇਸ਼ਨ) ਨੇ ਸੰਬੋਧਨ ਕਰਦਿਆਂ ਕਿਹਾ ਕਿ ਆਮ ਲੋਕਾਂ ਦੀ ਸਰਕਾਰ ਆਮ ਲੋਕਾਂ ਨੂੰ ਫਾਹੇ ਟੰਗ ਰਹੀ ਹੈ।ਸਰਕਾਰ ਕੁੱਝ ਲੋਕਾਂ ਲਈ ਕੰਮ ਕਰਦੀ ਹੈ ਆਮ ਲੋਕਾਂ ਦੀ ਜ਼ਿੰਦਗੀ ਬੇਹਾਲ ਕਰ ਦਿੱਤੀ ਹੈ।ਲੋਕਾਂ ਦੀਆਂ ਪ੍ਰਾਪਤ ਕੀਤੀਆ ਸਹੂਲਤਾਂ ਖੋਹ ਰਹੀ ਹੈ। ਭੀਖੀ ਦਾ ਬਲਾਕ ਤੋੜਨ ਦੀਆਂ ਕੋਸ਼ਿਸ਼ਾਂ ਦਾ ਸਭ ਨੂੰ ਡੱਟ ਕੇ ਵਿਰੋਧ ਕਰਨਾ ਚਾਹੀਦਾ ਹੈ।ਆਗੂਆਂ ਨੇ ਸਾਰੀਆਂ ਪੰਚਾਇਤਾਂ ਤੇ ਜਥੇਬੰਦੀਆਂ ਨੂੰ 23 ਜੂਨ ਨੂੰ ਬਲਾਕ ਦਫਤਰ ਪਹੁੰਚਣ ਦੀ ਬੇਨਤੀ ਕੀਤੀ।ਹੋਰਨਾਂ ਤੋਂ ਇਲਾਵਾ ਅਮੋਲਕ ਸਿੰਘ ਖੀਵਾ ਪੀ ਕੇ ਯੂ, ਮੱਖਣ ਸਿੰਘ, ਜਵਾਲਾ ਸਿੰਘ, ਸੁਖਪਾਲ ਸਿੰਘ, ਕਿੱਕਰ ਸਿੰਘ ਖਾਲਸਾ, ਕੁੱਕੂ ਸ਼ਰਮਾ ਆਦਿ ਆਗੂ ਹਾਜ਼ਰ ਸਨ।

ਮਿੱਡ-ਡੇ-ਮੀਲ ਕੁੱਕ ਯੂਨੀਅਨ ਵੱਲੋਂ ਮੁੱਖ ਮੰਤਰੀ ਦੀ ਕੋਠੀ ਦੇ ਘਿਰਾਓ ਦੀ ਚਿਤਾਵਨੀ

ਮੋਗਾ (ਇਕਬਾਲ ਸਿੰਘ ਖਹਿਰਾ)

ਮਿੱਡ-ਡੇ-ਮੀਲ ਕੁੱਕ ਯੂਨੀਅਨ ਬੀ.ਐੱਮ.ਐੱਸ. ਦੇ ਸੂਬਾ ਪ੍ਰਧਾਨ ਕਰਮਚੰਦ ਚਿੰਡਾਲੀਆ ਨੇ ਦੱਸਿਆ ਕਿ ਸੈਕਟਰੀ ਸਿੱਖਿਆ ਵਿਭਾਗ ਅਨੀਦਿੱਤਾ ਮਿੱਤਰਾ ਦੇ ਨਾਲ ਪੰਜਾਬ ਦੀਆਂ ਵੱਖ-ਵੱਖ ਮਿੱਡ-ਡੇ-ਮੀਲ ਕੁੱਕਾਂ ਦੀਆਂ ਜਥੇਬੰਦੀਆਂ ਦੇ ਆਗੂ ਅਤੇ ਵਰਕਰਾਂ ਨਾਲ ਮਿੰਨੀ ਸੈਕਟਰੀਏਟ ਮੀਟਿੰਗ ਹਾਲ ਵਿੱਚ ਕੁੱਕਾਂ ਦੀਆਂ ਹੱਕੀ ਮੰਗਾਂ ਸੰਬੰਧੀ ਵਿਚਾਰ ਵਿਟਾਂਦਰਾ ਕੀਤਾ।ਇਸ ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਜੋ ਮੰਗ ਪੱਤਰ ਜਥੇਬੰਦੀਆਂ ਵੱਲੋਂ ਆਈਆਂ ਸੀ, ਉਨ੍ਹਾਂ ਤੇ ਸੈਕਟਰੀ ਮੈਡਮ ਨੇ ਬੜੀ ਸ਼ਾਂਤਮਈ ਨਾਲ ਉਨ੍ਹਾਂ 'ਤੇ ਗੌਰ ਕੀਤੀ, ਜਿਨ੍ਹਾਂ ਵਿੱਚ ਮੁੱਖ ਮੰਗ ਹਰਿਆਣਾ ਸਰਕਾਰ ਦੇ ਬਰਾਬਰ 7000 ਤਨਖਾਹ ਦੀ ਸੀ।ਇਸ ਪੁਆਇੰਟ 'ਤੇ ਮੈਡਮ ਵੱਲੋਂ ਕਿਹਾ ਗਿਆ ਕਿ ਕੇਸ ਬਣਾ ਕੇ ਜਲਦੀ ਹੀ ਸੈਕਟਰੀ ਫਾਇਨਾਂਸ ਕ੍ਰਿਸ਼ਨ ਕੁਮਾਰ ਨੂੰ ਭੇਜ ਦਿੱਤਾ ਜਾਵੇਗਾ।ਉਸ ਦਾ ਜਵਾਬ ਆਉਣ 'ਤੇ ਜੋ ਤਨਖਾਹ ਵਿੱਚ ਵਾਧਾ ਕੀਤਾ ਜਾਣਾ ਹੈ, ਉਸ ਨੂੰ ਫਾਇਨਾਂਸ ਮੰਤਰੀ ਵੱਲੋਂ ਐਲਾਨ ਜਲਦੀ ਹੀ ਕਰ ਦਿੱਤਾ ਜਾਵੇਗਾ। ਇਨ੍ਹਾਂ ਤੋਂ ਇਲਾਵਾ ਵਰਦੀ ਦੀ ਮੰਗ ਨੂੰ ਵੀ ਮੰਨ ਲਿਆ ਗਿਆ।ਖਾਣਾ ਲੈ ਕੇ ਜਾਣ ਸਬੰਧੀ ਵੀ ਜਲਦੀ ਹੀ ਸੋਚ ਵਿਚਾਰ ਕਰਕੇ ਦੱਸ ਦਿੱਤਾ ਜਾਵੇਗਾ।ਬੀਮਾ ਜੋ ਮੰਤਰੀ ਸਾਹਿਬ ਨੇ ਐਲਾਨ ਕੀਤਾ ਹੈ ਉਸ ਦਾ ਵੀ ਪੱਤਰ ਜਲਦੀ ਜਾਰੀ ਕੀਤਾ ਜਾਵੇਗਾ।ਬੀਮਾ ਦੇ ਨਾਲ ਹੈਲਥ ਮੈਡੀਕਲ ਰੀਬਰਜ਼ਮੈਂਟ ਸਬੰਧੀ ਵੀ ਪੱਤਰ ਜਾਰੀ ਕਰ ਦਿੱਤਾ ਜਾਵੇਗਾ।ਛੁੱਟੀ ਦੇ ਪੈਸੇ ਵੀ ਸਰਕਾਰ ਦੇਣ ਲਈ ਮੰਨੂ ਗਈ ਹੈ ਤੇ ਬੱਚਿਆਂ ਦੀ ਗਿਣਤੀ ਘੱਟਣ ਤੇ ਕਿਸੇ ਕੁੱਕ ਨੂੰ ਨਹੀਂ ਹਟਾਇਆ ਜਾਵੇਗਾ।ਜ਼ਿਆਦਾ ਉਮਰ ਵਾਲੀਆਂ ਕੁੱਕਾਂ ਨੂੰ ਉਮਰ ਦੀ ਹੱਦ ਦਾ ਫੈਸਲਾ ਲੈ ਕੇ ਉਨ੍ਹਾਂ ਨੂੰ ਪੈਨਸ਼ਨ ਦੇਣ ਸੰਬੰਧੀ ਵੀ ਵਿਚਾਰ ਕੀਤਾ ਜਾਵੇਗਾ।ਇਸ ਤਰ੍ਹਾਂ ਹੀ ਤਕਰੀਬਨ 10 ਮੰਗਾਂ ਦਾ ਨਿਪਟਾਰਾ ਸੈਕਟਰੀ ਮੈਡਮ ਵੱਲੋਂ ਮੌਕੇ 'ਤੇ ਹੀ ਕੀਤਾ ਗਿਆ।ਟੋਟਲ ਜਥੇਬੰਦੀਆਂ ਦੇ ਆਗੂਆਂ ਵੱਲੋਂ ਇਹ ਵੀ ਫੈਸਲਾ ਲਿਆ ਗਿਆ ਕਿ ਜੇਕਰ ਤਨਖਾਹ ਵਿੱਚ ਜਲਦ ਵਾਧਾ ਨਾ ਕੀਤਾ ਗਿਆ ਤਾਂ ਇਸ ਸੰਘਰਸ਼ ਨੂੰ ਹੋਰ ਤਿੱਖਾ ਕਰਕੇ ਮੁੱਖ ਮੰਤਰੀ ਭਗਵੰਤ ਮਾਨ ਜੀ ਦੇ ਨਿਵਾਸ ਸਥਾਨ ਸੰਗਰੂਰ ਵਿਖੇ ਕੋਠੀ ਦਾ ਘਿਰਾਓ ਕਰਕੇ ਕੀਤਾ ਜਾਵੇਗਾ।ਇਸ ਮੌਕੇ ਜਨਰਲ ਸੈਕਟਰੀ ਪੰਜਾਬ ਮੁਮਤਾਜ਼ ਬੇਗਮ, ਸੈਕਟਰੀ ਕਮਲਜੀਤ ਕੌਰ ਮੱਧੋ ਕੇ ਪੰਜਾਬ ਕੈਸ਼ੀਅਰ ਪਰਮਜੀਤ ਕੌਰ ਪੰਜਾਬ, ਸ਼ਾਮਾ ਸਹਾਇਕ ਸੈਕਟਰੀ ਪੰਜਾਬ, ਰਿੰਕੀ ਮੀਤ ਪ੍ਰਧਾਨ ਨਵਾਂ ਸ਼ਹਿਰ, ਕਮਲੇਸ਼ ਰੋਪੜ, ਸ਼ੀਟੂ, ਮਮਤਾ ਸ਼ਰਮਾ ਜਨਰਲ ਸਕੱਤਰ ਏ ਟਿੱਕ, ਹਰਜਿੰਦਰ ਕੌਰ ਪਟਿਆਲਾ, ਪਰਮਜੀਤ ਕੌਰ ਸੰਗਰੂਰ, ਲਖਵਿੰਦਰ ਕੌਰ ਫਰੀਦਕੋਟ ਤੋਂ ਇਲਾਵਾ ਇਸ ਮੀਟਿੰਗ ਵਿੱਚ ਵੱਖ-ਵੱਖ ਜ਼ਿਲ੍ਹਿਆਂ ਦੇ ਵੱਖ-ਵੱਖ ਜਥੇਬੰਦੀਆਂ ਨੇ ਹਿੱਸਾ ਲਿਆ।ਇਸ ਮੌਕੇ ਸੂਬਾ ਪ੍ਰਧਾਨ ਕਰਮਚੰਦ ਚਿੰਡਾਲੀਆ ਨੇ ਆਪਣੀ ਹੱਕੀ ਮੰਗਾਂ ਨੂੰ ਲਾਗੂ ਕਰਵਾਉਣ ਲਈ ਤੇ ਹੋਰ ਜਥੇਬੰਦੀਆਂ ਨੇ ਆਪਣੇ ਮੰਗ ਪੱਤਰ ਦਿੱਤੇ।

ਕਾਤਰਾਂ

ਡਿਪਲੋਮਾਧਾਰਕ ਯੋਗ ਬੇਰੁਜ਼ਗਾਰ ਅਧਿਆਪਕਾਂ ਦੇ ਸਥਾਈ ਰੁਜ਼ਗਾਰ ਲਈ ਗੁਹਾਰ

ਜਲਾਲਾਬਾਦ (ਜੀਤ ਕੁਮਾਰ)-ਯੋਗ ਬੇਰੁਜ਼ਗਾਰ ਅਧਿਆਪਕ ਯੂਨੀਅਨ ਪੰਜਾਬ ਦੇ ਆਗੂਆਂ ਨੇ ਕਿਹਾ ਕਿ 21 ਨੂੰ ਜੂਨ ਨੂੰ ਪੂਰੇ ਦੇਸ਼ ਵਿੱਚ ਯੋਗ ਦਿਵਸ ਮਨਾਇਆ ਗਿਆ, ਪਰ ਸਾਡੇ ਉੱਚ ਸਿੱਖਿਆ ਪ੍ਰਾਪਤ ਯੋਗ ਬੇਰੁਜ਼ਗਾਰ ਅਧਿਆਪਕਾਂ ਦੀ ਦੁਰਦਸ਼ਾ ਚਿੰਤਾਜਨਕ ਹੈ, ਅੱਜ ਯੋਗ ਵਿਸ਼ੇ ਵਿੱਚ ਬੀ. ਏ, ਐੱਮ. ਏ, ਬੀ. ਐੱਸ. ਸੀ, ਐੱਮ. ਐੱਸ.ਸੀ, ਯੂ. ਜੀ. ਸੀ ਨੈੱਟ ਪੀ. ਐੱਚ. ਡੀ ਪਾਸ ਅਤੇ ਪੀ ਜੀ ਡਿਪਲੋਮਾ ਧਾਰਕਾਂ ਨੂੰ ਉੱਚ ਸਿੱਖਿਆ ਪ੍ਰਾਪਤ ਕਰਕੇ ਵੀ ਕੋਈ ਸਥਾਈ ਰੁਜ਼ਗਾਰ ਨਹੀਂ ਮਿਲ ਰਿਹਾ ਹੈ। ਉਨ੍ਹਾਂ ਪੰਜਾਬ ਦੇ ਮੁੱਖ ਮੰਤਰੀ ਪਾਸੋਂ ਮੰਗ ਕੀਤੀ ਕਿ ਯੋਗ ਬੇਰੁਜ਼ਗਾਰ ਅਧਿਆਪਕਾਂ ਤੇ ਸਕੂਲ, ਕਾਲਜ ਦੇ ਬੱਚਿਆਂ ਦੇ ਭਵਿੱਖ ਨੂੰ ਧਿਆਨ ਵਿੱਚ ਰੱਖਦੇ ਹੋਏ ਸਾਡੀਆਂ ਮੰਗਾਂ ਪੂਰੀਆਂ ਕੀਤੀਆਂ ਜਾਣ। ਯੋਗ ਵਿਸ਼ੇ ਨੂੰ ਸਕੂਲਾਂ-ਕਾਲਜਾਂ ਵਿੱਚ ਲਾਜ਼ਮੀ ਵਿਸ਼ਾ ਬਣਾਇਆ ਜਾਵੇ। ਸਰਕਾਰੀ ਸਕੂਲਾਂ ਵਿੱਚ ਯੋਗ ਅਧਿਆਪਕਾਂ ਦੀ ਰੈਗੂਲਰ ਭਰਤੀ ਕੀਤੀ ਜਾਵੇ। ਸਰਕਾਰੀ ਕਾਲਜਾਂ ਵਿੱਚ ਯੋਗ ਅਧਿਆਪਕਾਂ ਦੀ ਰੈਗੂਲਰ ਭਰਤੀ ਕੀਤੀ ਜਾਵੇ।

ਨਸ਼ਿਆਂ ਵਿਰੁੱਧ ਚਲਾਈ ਮੁਹਿੰਮ ਨੂੰ ਹੇਠਲੇ ਪੱਧਰ ਤੱਕ ਲਿਜਾਇਆ ਜਾਵੇ : ਪੰਕਜ ਸੂਦ

ਨਿਹਾਲ ਸਿੰਘ ਵਾਲਾ (ਲਵਲੀ ਕੁਮਾਰ)-ਯੁੱਧ ਨਸ਼ਿਆਂ ਵਿਰੁੱਧ ਚਲਾਈ ਗਈ ਮੁਹਿੰਮ ਨੂੰ ਲੈ ਕੇ ਪੰਜਾਬ ਸਰਕਾਰ ਦੇ ਧਿਆਨ ਵਿੱਚ ਲਿਆਉਂਦਿਆਂ ਸੀ ਆਰ ਓ ਪੰਜਾਬ ਪ੍ਰਧਾਨ ਪੰਕਜ ਸੂਦ ਮੋਗਾ ਦੀ ਰਹਿਨੁਮਾਈ ਹੇਠ ਪੰਜਾਬ ਸਰਕਾਰ ਨੂੰ ਯੁੱਧ ਨਸ਼ਿਆਂ ਵਿਰੁੱਧ ਚਲਾਈ ਗਈ ਮੁਹਿੰਮ ਨੂੰ ਅੱਗੇ ਵਧਾਉਂਦੇ ਹੋਏ ਹੇਠਲੇ ਪੱਧਰ ਤੋਂ ਚਲਦੇ ਹੋਏ ਜਿਵੇਂ ਬੀੜੀਆਂ, ਸਿਗਰਟਾਂ, ਜ਼ਰਦਾ, ਕੂਲਿਪ, ਸਟਿੰਗਾਂ ਜਿੱਥੋਂ ਬੱਚਿਆਂ ਦੀਆਂ ਆਦਤਾਂ ਤੋਂ ਸ਼ੁਰੂਆਤ ਹੁੰਦੀ ਹੈ, ਪੰਜਾਬ ਸਰਕਾਰ ਨੂੰ ਇਸ ਖਿਲਾਫ਼ ਸਖਤ ਐਕਸ਼ਨ ਲੈਣਾ ਚਾਹੀਦਾ ਹੈ।ਇਹ ਕੰਪਨੀਆਂ ਆਪਣਾ ਬ੍ਰਾਂਡ ਚਲਾ ਕੇ ਉਸ ਤੋਂ ਬਾਅਦ ਇਸ ਦੀ ਘਾਟ ਪਾ ਕੇ ਦੁਕਾਨਦਾਰਾਂ ਤੇ ਗਾਹਕਾਂ ਨੂੰ ਬਲੈਕਮੇਲ ਕੀਤਾ ਜਾਂਦਾ ਹੈ।ਇਨ੍ਹਾਂ ਨਸ਼ਿਆਂ ਦੀ ਵਰਤੋਂ ਜਿਵੇਂ ਕਿ ਬੱਸ ਸਟੈਂਡ, ਸਕੂਲ ਤੇ ਪੁਲਸ ਸਟੇਸ਼ਨ, ਐੱਸ ਡੀ ਐੱਮ, ਜੂਡੀਸ਼ੀਅਲ ਕੋਰਟ ਤੇ ਹੋਟਲਾਂ ਆਦਿ ਦੇ ਨੇੜੇ ਬੰਦ ਹੋਣੀ ਚਾਹੀਦੀ ਹੈ ਅਤੇ ਇਸ ਸਬੰਧੀ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸੀ ਆਰ ਓ ਦੇ ਜ਼ਿਲ੍ਹਾ ਪ੍ਰਧਾਨ ਸੁਰਿੰਦਰ ਕੁਮਾਰ ਨੇ ਕਿਹਾ ਕਿ ਇਸ ਨਸ਼ੇ ਵਰਗੀਆਂ ਵਸਤੂਆਂ ਨੂੰ ਬੰਦ ਕਰਨਾ ਚਾਹੀਦਾ ਹੈ, ਪੰਜਾਬ ਸਰਕਾਰ ਨੂੰ ਇਸ ਪਾਸੇ ਧਿਆਨ ਦੇਣ ਦੀ ਲੋੜ ਹੈ, ਮੈਂ ਤੇ ਮੇਰੀ ਟੀਮ ਸੀ ਆਰ ਓ ਪੰਜਾਬ ਸਰਕਾਰ ਨਾਲ ਸਹਿਯੋਗ ਦੇਣ ਲਈ ਵਚਨਬੱਧ ਹੈ। ਇਸ ਮੌਕੇ ਗੁਰਪ੍ਰੀਤ ਸਿੰਘ, ਸੋਨੀ ਸਿੰਘ, ਅਨਿਲ ਜੈਨ ਟੋਨੀ, ਰਾਜ ਕੁਮਾਰ ਸੰਘੇੜਾ, ਹਰਬੰਸ ਲਾਲ ਭਾਗੀਕੇ, ਹਰਦੀਪ ਕੁਮਾਰ ਬੁਰਜ ਹਮੀਰਾ, ਜਗਦੀਸ਼ ਕੁਮਾਰ ਦੀਸ਼ਾ ਆਦਿ ਹਾਜ਼ਰ ਸਨ।

10 ਗ੍ਰਾਮ ਹੈਰੋਇਨ ਸਣੇ 2 ਕਾਬੂ

ਜਲਾਲਾਬਾਦ (ਜੀਤ ਕੁਮਾਰ)-ਥਾਣਾ ਸਿਟੀ ਜਲਾਲਾਬਾਦ ਦੀ ਪੁਲਸ ਵੱਲੋਂ 10 ਗ੍ਰਾਮ ਹੈਰੋਇਨ ਸਣੇ 2 ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਜਾਂਚ ਅਧਿਕਾਰੀ ਐੱਸ. ਆਈ. ਅਮਨਦੀਪ ਕੌਰ ਨੇ ਦੱਸਿਆ ਕਿ ਉਹ ਸਮੇਤ ਪੁਲਸ ਪਾਰਟੀ ਗਸ਼ਤ ਦੌਰਾਨ ਥਾਣਾ ਸਿਟੀ ਏਰੀਏ 'ਚ ਮੌਜੂਦ ਸੀ ਤੇ ਪੁਲਸ ਪਾਰਟੀ ਗਸ਼ਤ ਕਰਦੀ

23- June - Page - 6.qxd 6/22/2025 9:24 PM Page 1

ਪੁਲਸ ਚੌਕੀ ਦੇ ਬਾਹਰ ਕਬੱਡੀ ਪ੍ਰਮੋਟਰ ਜਸਪ੍ਰੀਤ ਜੱਸੇ 'ਤੇ ਕਾਤਲਾਨਾ ਹਮਲਾ, ਗੰਭੀਰ ਜ਼ਖਮੀ

ਗੱਡੀ ਵਿੱਚ ਪਏ 5 ਲੱਖ 25 ਹਜ਼ਾਰ ਚੋਰੀ ਕਰਨ ਦਾ ਦੋਸ਼

ਕਿਸ਼ਨਗੜ੍ਹ (ਸੁਖਜੀਤ ਕੁਮਾਰ)-ਕਿਸ਼ਨਗੜ੍ਹ ਪੁਲਸ ਚੌਕੀ ਤੋਂ ਕੁਝ ਦੂਰੀ 'ਤੇ ਕਬੱਡੀ ਪ੍ਰਮੋਟਰ ਜਸਪ੍ਰੀਤ ਸਿੰਘ ਜੱਸੇ 'ਤੇ ਸੱਤ ਅੱਠ ਨੌਜਵਾਨਾਂ ਵੱਲੋਂ ਜੱਸੇ ਦੀ ਗੱਡੀ ਅੱਗੋਂ ਗੱਡੀ ਵਿੱਚ ਮਾਰੀ ਅਤੇ ਤੇਜ਼ਧਾਰ ਹਥਿਆਰਾਂ ਨਾਲ ਹਮਲਾ ਕਰਕੇ ਗੰਭੀਰ ਜ਼ਖਮੀ ਕਰਨ ਮਾਮਲਾ ਸਾਹਮਣੇ ਆਇਆ ਹੈ। ਗੋਲੀ ਚਲਾ ਕੇ ਜਾਨੋਂ ਮਾਰਨ ਦੀ ਕੋਸ਼ਿਸ਼ ਕੀਤੀ ਗਈ । ਜਿਸ ਤਹਿਤ ਥਾਣਾ ਕਰਤਾਰਪੁਰ ਵਿਖੇ ਹਮਲਾਵਰਾਂ 'ਤੇ ਵੱਖ ਵੱਖ ਧਾਰਾਵਾਂ ਅਧੀਨ ਮਾਮਲਾ ਦਰਜ ਕੀਤਾ ਗਿਆ ਹੈ। ਪੁਲਸ ਨੂੰ ਦਿੱਤੇ ਗਏ ਬਿਆਨਾਂ ਅਨੁਸਾਰ ਜਸਪ੍ਰੀਤ ਸਿੰਘ ਪੁੱਤਰ ਹਰਭਜਨ ਸਿੰਘ ਵਾਸੀ ਪਿੰਡ ਸੰਘਵਾਲ ਥਾਣਾ ਕਰਤਾਰਪੁਰ ਜ਼ਿਲ੍ਹਾ ਜਲੰਧਰ ਉਮਰ ਕਰੀਬ 40 ਸਾਲ ਕਿਹਾ ਕਿ ਮੈਂ ਉਕਤ ਪਤੇ ਦਾ ਰਹਿਣ ਵਾਲਾ ਹਾਂ ਤੇ ਖੇਤੀਬਾੜੀ ਦਾ ਕੰਮ ਕਰਦਾ ਹਾਂ। 17 ਜੂਨ ਨੂੰ ਮੈਂ ਥਾਣਾ ਕਰਤਾਰਪੁਰ ਵਿਖੇ ਆਪਣੇ ਪਿੰਡ ਦੇ ਕਿਸੇ ਮਾਮਲੇ ਦੇ ਸਬੰਧ ਵਿੱਚ ਗਿਆ ਸੀ। ਜੋ ਰਾਜ਼ੀਨਾਮਾ ਕਰਾਉਣ ਉਪਰੰਤ ਜਦ ਮੈਂ ਵਾਪਸ ਆਪਣੇ ਪਿੰਡ ਸੰਘਵਾਲ ਨੂੰ ਜਾਣ ਲੱਗਾ ਤਾਂ ਥਾਣੇ ਦੇ ਬਾਹਰ ਜ਼ੋਰਾਵਰ ਸਿੰਘ ਪੁੱਤਰ ਮੇਜਰ ਸਿੰਘ ਵਾਸੀ ਪਿੰਡ ਸੰਘਵਾਲ ਥਾਣਾ ਕਰਤਾਰਪੁਰ ਨੇ ਮੇਰੇ ਨਾਲ ਬਹਿਸਬਾਜ਼ੀ ਕਰਨੀ ਸ਼ੁਰੂ ਕਰ ਦਿੱਤੀ ਅਤੇ ਕਿਹਾ ਕਿ ਤੇਰੀ ਪ੍ਰਧਾਨਗੀ ਮੈਂ ਕੱਢਣੀ ਹੈ। ਹੁਣ ਆਪਣੀ ਜਾਨ ਮਾਲ ਦਾ ਧਿਆਨ ਰੱਖੀ। ਮੌਕੇ 'ਤੇ ਮੋਹਤਬਰ ਵਿਅਕਤੀਆਂ ਇਸ ਬਹਿਸਬਾਜ਼ੀ ਨੂੰ ਸੁਲਝਾਇਆ। ਮੋਹਤਬਰ ਵਿਅਕਤੀਆ ਦੇ ਮਾਮਲੇ ਨੂੰ ਸੁਲਝਾਉਣ ਕਰਕੇ ਮੈਂ ਦਰਖਾਸਤ ਦੇਣਾ ਮੁਨਾਸਿਬ ਨਹੀਂ ਸਮਝਿਆ ਅਤੇ ਇਸ ਦੀ ਧਮਕੀ ਨੂੰ ਗੰਭੀਰਤਾ ਨਾਲ ਨਹੀਂ ਲਿਆ। 19 ਜੂਨ ਨੂੰ ਵਕਤ ਕਰੀਬ 10.10 ਰਾਤ ਕਿ ਮੈਂ ਆਪਣੇ ਪਿੰਡ ਦੇ ਸਾਬਕਾ ਸਰਪੰਚ ਭਾਗ ਰਾਮ ਪੁੱਤਰ ਲੇਟ ਮਹਿੰਗਾ ਰਾਮ ਨਾਲ ਆਪਣੀ ਗੱਡੀ ਸਕਾਰਪਿਓ ਐਨ ਨੰਬਰੀ ਪੀ.ਬੀ-08-ਐਫ.ਡੀ-0056 'ਚ ਸਵਾਰ ਹੋ ਕੇ ਚੌਕੀ ਕਿਸ਼ਨਗੜ੍ਹ ਤੋਂ ਪਿੰਡ ਸੰਘਵਾਲ ਵੱਲ ਨੂੰ ਜਾ ਰਿਹਾ ਤਾਂ ਮੇਰੀ ਅੱਗੇ ਅੱਗਿਓਂ ਇਕ ਫਾਰਚੂਨਰ ਗੱਡੀ ਰੰਗ ਚਿੱਟਾ ਆਈ ਜਿਹਨਾਂ ਨੇ ਗੱਡੀ ਲਿਆ ਕੇ ਸਿੱਧੀ ਮੇਰੀ ਗੱਡੀ ਵਿੱਚ ਮਾਰੀ ਤਾਂ ਮੈਂ ਤੁਰੰਤ ਆਪਣੀ ਗੱਡੀ ਪਿੱਛੇ ਵੱਲ ਨੂੰ ਭਜਾ ਲਈ। ਕਰੀਬ 50 ਮੀਟਰ ਪਿੱਛੇ ਜਾ ਕੇ ਮੇਰੀ ਗੱਡੀ ਦੇ ਪਿੱਛੇ ਕਿਸੇ ਰਾਹਗੀਰ ਦੀ ਗੱਡੀ ਆ ਗਈ ਤਾਂ ਮੈਨੂੰ ਆਪਣੀ ਗੱਡੀ ਰੋਕਣੀ ਪਈ। ਗੱਡੀ ਵਿੱਚ ਸਵਾਰ ਨੌਜਵਾਨਾਂ ਨੇ ਫਾਰਚੂਨਰ ਗੱਡੀ ਮੇਰੀ ਗੱਡੀ ਦੇ ਅੱਗੇ ਆ ਕੇ ਖੜ੍ਹੀ ਕਰ ਲਈ। ਗੱਡੀ

ਵਿਚੋਂ 7-8 ਦੇ ਕਰੀਬ ਨੌਜਵਾਨ ਉੱਤਰੇ। ਜਿਹਨਾਂ ਵਿਚ ਗੁਰਪ੍ਰੀਤ ਸਿੰਘ ਉਰਫ ਗੋਪੀ ਪੁੱਤਰ ਰਾਮ ਪਿਆਰਾ ਵਾਸੀ ਸ਼ਿਵਦਾਸਪੁਰ ਥਾਣਾ ਕਰਤਾਰਪੁਰ ਨੇ ਲਲਕਾਰਾ ਮਾਰ ਕੇ ਕਿਹਾ ਕਿ ਫੜ ਲਉ, ਅੱਜ ਇਸ ਨੂੰ ਜਾਨੋਂ ਮਾਰ ਦੇਣਾ ਹੈ। ਇਹਨਾਂ ਲੜਕਿਆਂ ਵਿਚੋਂ ਮੈਂ ਕੁਝ ਨੂੰ ਪਹਿਲਾਂ ਤੋਂ ਜਾਣਦਾ ਹਾਂ। ਜੋ ਜੋਬਨ ਵਾਸੀ ਨਿਜ਼ਾਮਦੀਨਪੁਰ ਜਿਸ ਦੇ ਹੱਥ ਵਿਚ ਤੇਜ਼ਧਾਰ ਖੰਡਾ ਸੀ, ਪ੍ਰਭ ਵਾਸੀ ਕਾਲਾ ਬੱਕਰਾ ਦੇ ਹੱਥ ਵਿੱਚ ਬੇਸਬੇਟ, ਹਰਸ਼ ਵਾਸੀ ਗੜ੍ਹੀਬਖਸ਼ਾ ਦੇ ਹੱਥ ਵਿੱਚ ਰਾਡ ਸੀ, ਇਹਨਾਂ ਸਾਰਿਆਂ ਨੇ ਆ ਕੇ ਮੇਰੀ ਗੱਡੀ ਦੀ ਭੰਨਤੋੜ ਕਰਨੀ ਸ਼ੁਰੂ ਕਰ ਦਿੱਤੀ। ਗੱਡੀ ਦੇ ਸ਼ੀਸ਼ੇ ਟੁੱਟ ਗਏ ਅਤੇ ਸਾਬਕਾ ਸਰਪੰਚ ਭਾਗ ਰਾਮ ਗੱਡੀ 'ਚ ਸੀਟਾਂ ਦੇ ਥੱਲੇ ਨੂੰ ਝੁਕ ਗਏ। ਹਰਸ਼ ਨੇ ਮੇਰੀ ਸੱਜੀ ਬਾਂਹ 'ਤੇ ਰਾਡ ਨਾਲ ਵਾਰ ਕੀਤਾ ਜਿਸ ਨਾਲ ਮੇਰੇ ਡੋਲੇ 'ਤੇ ਸੱਟ ਲੱਗੀ। ਇਸ ਤੋਂ ਇਲਾਵਾ ਇਹਨਾਂ ਨੇ ਹਥਿਆਰਾਂ ਨਾਲ ਵਾਰ ਕੀਤੇ ਜਿਸ ਨਾਲ ਮੇਰੇ ਕਾਫੀ ਸੱਟਾਂ ਲੱਗੀਆਂ ਹਨ। ਮੇਰੇ ਸੱਟਾਂ ਮਾਰਦੇ ਸਮੇਂ ਪ੍ਰਭ ਅਤੇ ਹਰਸ਼ ਨੇ ਮੇਰੀ ਗੱਡੀ ਦੀ ਪਿਛਲੀ ਤਾਕੀ ਖੋਲ੍ਹੀ ਅਤੇ ਮੇਰੀ ਗੱਡੀ ਵਿੱਚ ਕਾਲੇ ਰੰਗ ਦਾ ਪਿਆ ਲਿਫਾਫਾ ਜਿਸ ਵਿਚ 5 ਲੱਖ 25 ਹਜ਼ਾਰ ਰੁਪਏ ਸਨ, ਕੱਢ ਕੇ ਨਾਲ ਲੈ ਗਏ । ਮੈਂ ਉੱਚੀ-ਉੱਚੀ ਰੌਲਾ ਪਾਉਂਦੇ ਹੋਏ ਕਿਹਾ ਕਿ ਪੁਲਸ ਆ ਗਈ ਰੁਕਿਉ, ਹੁਣ ਜਾਇਉ ਨਾ ਤਾਂ ਡਰਦੇ ਮਾਰੇ ਇਹ ਭੱਜ ਗਏ। ਇਹ ਵਾਰਦਾਤ ਕਿਸ਼ਨਗੜ੍ਹ ਚੌਕੀ ਤੋਂ ਕੁਝ ਹੀ ਮੀਟਰ 'ਤੇ ਹੀ ਹੋ ਰਹੀ ਸੀ। ਇਹ ਗੱਲ ਸੁਣ ਕੇ ਇਹ ਵਿਅਕਤੀ ਆਪਣੀ ਗੱਡੀ ਵਿੱਚ ਸਵਾਰ ਹੋਣ ਲੱਗੇ ਤੇ ਜਾਂਦੇ ਜਾਂਦੇ ਗੁਰਪ੍ਰੀਤ ਸਿੰਘ ਉਰਫ ਗੋਪੀ ਨੇ ਆਪਣੇ ਡੱਬ ਵਿੱਚੋਂ ਪਿਸਤੌਲ ਕੱਢ ਕੇ ਮੇਰੇ ਵੱਲ ਫਾਇਰ ਕੀਤਾ। ਮੈਂ ਝੁਕ ਕੇ ਆਪਣਾ ਬਚਾਅ ਕੀਤਾ। ਜੇਕਰ ਮੈਂ ਆਪਣਾ ਬਚਾਅ ਨਾ ਕਰਦਾ ਤਾਂ ਗੋਲੀ ਮੇਰੇ ਲੱਗ ਸਕਦੀ ਸੀ ਤੇ ਮੇਰੀ ਮੌਤ ਵੀ ਹੋ ਸਕਦੀ ਸੀ। ਇਸ ਦੌਰਾਨ ਮੇਰੀ ਹੀ ਗੱਡੀ ਦੇ ਟੁੱਟੇ ਹੋਏ ਸ਼ੀਸ਼ਿਆਂ ਦਾ ਕੱਚ ਮੇਰੇ ਸਰੀਰ ਦੇ ਕਾਫੀ ਜਗ੍ਹਾ 'ਤੇ ਲੱਗਾ ਜਿਸ ਨਾਲ ਮੈਂ ਜ਼ਖਮੀ ਹੋ ਗਿਆ। ਮੈਂ ਇਲਾਜ ਲਈ ਕਪੂਰ ਹਸਪਤਾਲ ਜਲੰਧਰ 'ਚ ਦਾਖਲ ਹੋਇਆ ਸੀ। ਜੱਸੇ ਨੇ ਪੁਲਸ ਨੂੰ ਦੱਸਿਆ ਕੇ ਨੌਜਵਾਨਾਂ ਵੱਲੋਂ ਮੇਰੇ ਉੱਪਰ ਜਾਨਲੇਵਾ ਹਮਲਾ ਜ਼ੋਰਾਵਰ ਸਿੰਘ ਸੰਘਵਾਲ ਦੀ ਸ਼ਹਿ 'ਤੇ ਕੀਤਾ ਗਿਆ ਹੈ। ਗੁਰਪ੍ਰੀਤ ਸਿੰਘ ਉਰਫ ਗੋਪੀ, ਪ੍ਰਭ ਅਤੇ ਹਰਸ਼ 'ਤੇ ਪਹਿਲਾਂ ਵੀ ਮੁਕੱਦਮੇ ਦਰਜ ਹਨ ਅਤੇ ਪ੍ਰਭ ਪਹਿਲਾਂ ਵੀ ਪੁਲਸ ਨੂੰ ਕਿਸੇ ਕੇਸ ਵਿਚ ਲੋੜੀਂਦਾ ਹੈ। ਜਸਪ੍ਰੀਤ ਜੱਸੇ ਨੇ ਪੁਲਸ ਪ੍ਰਸ਼ਾਸਨ ਦੇ ਉੱਚ ਅਧਿਕਾਰੀਆਂ ਤੋਂ ਮੰਗ ਕੀਤੀ ਹੈ ਕਿ ਦੋਸ਼ੀਆਂ ਖਿਲਾਫ ਬਣਦੀ ਸਖਤ ਕਾਰਵਾਈ ਕੀਤੀ ਜਾਵੇ। ਜਸਪ੍ਰੀਤ ਜੱਸੇ ਦੇ ਬਿਆਨਾਂ 'ਤੇ ਸਾਰੇ ਦੋਸ਼ੀਆਂ ਖਿਲਾਫ ਮਾਮਲਾ ਦਰਜ ਕੀਤਾ ਗਿਆ ਹੈ। ਡੀ ਐਸ ਪੀ ਕਰਤਾਰਪੁਰ ਵਿਜੇ ਕੁੰਵਰ ਪਾਲ ਅਤੇ ਐਸ ਐਚ ਓ ਕਰਤਾਰਪੁਰ ਰਮਨਦੀਪ ਸਿੰਘ ਨੇ ਕਿਹਾ ਕਿ ਦੋਸ਼ੀਆਂ ਦੀ ਭਾਲ ਲਈ ਛਾਪੇਮਾਰੀ ਕੀਤੀ ਜਾ ਰਹੀ ਹੈ, ਜਲਦ ਹੀ ਦੋਸ਼ੀਆਂ ਨੂੰ ਕਾਬੂ ਕਰਕੇ ਜੇਲ੍ਹ ਭੇਜਿਆ ਜਾਵੇਗਾ।

ਪੰਜ ਪੀਰ ਸੱਚੀ ਸਰਕਾਰ ਦਾ ਸਾਲਾਨਾ ਜੋੜ ਮੇਲਾ 26 ਨੂੰ

ਭੋਗਪੁਰ (ਗੁਰਪ੍ਰੀਤ ਸਿੰਘ ਭੋਗਲ) ਪੰਜ ਪੀਰ ਸੁੱਚੀ ਸਰਕਾਰ ਦਾ ਸਾਲਾਨਾ 19ਵਾਂ ਜੋੜ ਮੇਲਾ 26 ਜੂਨ ਨੂੰ ਬੜੀ ਧੂਮ ਧਾਮ ਨਾਲ ਪਿੰਡ ਮੋਗੇ ਨੇੜੇ ਭੋਗਪੁਰ ਜ਼ਿਲ੍ਹਾ ਜਲੰਧਰ ਵਿਖੇ ਕਰਵਾਇਆ ਜਾ ਰਿਹਾ ਹੈ 26 ਜੂਨ ਨੂੰ ਹੀ ਮਹਿੰਦੀ ਦੀ ਰਸਮ ਅਦਾ ਕੀਤੀ ਜਾਵੇਗੀ ਤੇ 26 ਜੂਨ ਨੂੰ ਹੀ ਨਿਸ਼ਾਨ ਸਾਹਿਬ ਚੜ੍ਹਾਇਆ ਜਾਵੇਗਾ ਤੇ ਚਾਦਰ ਦੀ ਰਸਮ ਅਦਾ ਕੀਤੀ ਜਾਵੇਗੀ। ਸੰਗਤਾਂ ਨੂੰ ਅਸ਼ੀਰਵਾਦ ਦੇਣ ਲਈ ਵੱਖ ਵੱਖ ਡੇਰਿਆਂ ਤੋਂ ਮਹਾਂਪੁਰਸ਼ ਪਹੁੰਚੇ ਰਹੇ ਹਨ। ਇਸ ਮੌਕੇ ਮੇਲੇ ਵਿੱਚ ਚਰਨਪ੍ਰੀਤ ਚੰਨੀ, ਰਮੇਸ਼ ਧਮਾਕਾ, ਰਮਨ ਪੇਂਟਰ ਤੇ ਹੋਰ ਸਾਰੇ ਬਹੁਤ ਕਲਾਕਾਰ ਦਰਬਾਰ ਵਿੱਚ ਹਾਜ਼ਰੀਆਂ ਲਗਾਉਣਗੇ। ਇਸ ਮੌਕੇ ਦਰਬਾਰ ਦੇ ਮੁੱਖ ਸੇਵਾਦਾਰ ਤਾਰੀ ਲਾਲ ਮਹਿਮੀ, ਗੁਰਦਿਆਲ ਸਿੰਘ, ਪ੍ਰਿਤਪਾਲ ਸਿੰਘ ਭੋਲਾ, ਪਵਿਤਰ ਸਿੰਘ ਮਾੜਾ, ਗੁਰਵਿੰਦਰ ਗਿੰਦੂ, ਸੋਨੀ ਲਾਲ , ਅਜੇ ਕੁਮਾਰ, ਵਿਜੈ ਕੁਮਾਰ, ਗੁਰਪ੍ਰੀਤ ਗੋਪੀ, ਲਖਵਿੰਦਰ ਲੇਖੂ, ਬੂਟਾ ਸਿੰਘ ਕਨੇਡਾ, ਸੁਰਜੀਤ ਸਿੰਘ ਲੰਬੜਦਾਰ, ਫਕੀਰ ਸਿੰਘ ਪ੍ਰਧਾਨ, ਸਾਬੀ ਲੰਬੜ, ਕੁਲਵੰਤ ਸਿੰਘ, ਲੱਕੀ, ਸੁਖਦੇਵ ਲੋਹਾਰੀਆ ਮੀਡੀਆ ਪ੍ਰਧਾਨ (ਐਡੀਟਰ) ਤੇ ਹੋਰ ਸੰਗਤਾਂ ਹਾਜ਼ਰ ਹੋਣਗੀਆਂ ਤੇ ਸੰਗਤਾਂ ਲਈ ਚਾਹ ਪਕੌੜਿਆਂ ਦੇ ਲੰਗਰ ਤੇ ਪ੍ਰਸ਼ਾਦਾ ਅਟੁੱਟ ਵਰਤਾਇਆ ਜਾਵੇਗਾ।

ਭਾਮ-ਜੱਲੋਵਾਲ-ਸੈਦਪੁਰ 'ਚ 1.15 ਕਰੋੜ ਰੁਪਏ ਦੀ ਲਾਗਤ ਨਾਲ ਬਣੇਗੀ 18 ਫੁੱਟ ਚੌੜੀ ਸੜਕ : ਡਾ. ਈਸ਼ਾਂਕ

ਹੁਸ਼ਿਆਰਪੁਰ, (ਓ ਪੀ ਰਾਣਾ) ਚੱਬੇਵਾਲ ਵਿਧਾਨ ਸਭਾ ਹਲਕੇ ਵਿੱਚ ਚੱਲ ਰਹੇ ਵਿਕਾਸ ਕਾਰਜਾਂ ਦੀ ਲੜੀ ਵਿੱਚ ਇਕ ਹੋਰ ਮਹੱਤਵਪੂਰਨ ਯੋਜਨਾ ਨੂੰ ਹਰੀ ਝੰਡੀ ਮਿਲ ਗਈ ਹੈ।ਵਿਧਾਇਕ ਡਾ. ਈਸ਼ਾਂਕ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪਿੰਡ ਭਾਮ-ਜੱਲੋਵਾਲ ਤੋਂ ਲੈ ਕੇ ਭਾਮ-ਸੈਦਪੁਰ ਰੋਡ ਤੱਕ ਦੀ ਫਿਰਨੀ ਦੀ ਸੜਕ ਹੁਣ ਸੀਮੈਂਟ ਕਾਂਕਰੀਟ ਨਾਲ ਬਣਾਈ ਜਾਵੇਗੀ, ਜਿਸ ਨਾਲ ਪਿੰਡ ਵਾਸੀਆਂ ਨੂੰ ਵੱਡੀ ਰਾਹਤ ਮਿਲੇਗੀ।ਡਾ. ਈਸ਼ਾਂਕ ਨੇ ਦੱਸਿਆ ਕਿ ਇਹ ਸੜਕ ਜੋ ਪਿੰਡ ਭਾਮ ਦੀ ਫਿਰਨੀ ਨੂੰ ਜੋੜਦੀ ਹੈ, 18 ਫੁੱਟ ਚੌੜੀ ਬਣਾਈ ਜਾਵੇਗੀ ਅਤੇ ਇਸ ਵਿੱਚ ਸੀਮੈਂਟ ਕਾਂਕਰੀਟ ਦੀ ਵਰਤੋਂ ਕੀਤੀ ਜਾਵੇਗੀ ਤਾਂ ਜੋ ਇਹ ਸੜਕ ਲੰਬੇ ਸਮੇਂ ਤੱਕ ਟਿਕਾਊ ਰਹੇ।ਉਨ੍ਹਾਂ ਦੱਸਿਆ ਕਿ ਇਸ ਪ੍ਰੋਜੈਕਟ ਲਈ ਕੁੱਲ 1 ਕਰੋੜ 15 ਲੱਖ ਰੁਪਏ ਦੀ ਰਕਮ ਮਨਜ਼ੂਰ ਕੀਤੀ ਗਈ ਹੈ ਅਤੇ ਨਿਰਮਾਣ ਕੰਮ ਇਕ ਹਫਤੇ ਵਿੱਚ ਸ਼ੁਰੂ ਕਰ ਦਿੱਤਾ ਜਾਵੇਗਾ।ਡਾ. ਈਸ਼ਾਂਕ ਨੇ ਕਿਹਾ ਕਿ ਇਸ ਸੜਕ ਦੇ ਨਿਰਮਾਣ ਨਾਲ ਨਾ ਸਿਰਫ਼ ਪਿੰਡ ਵਾਸੀਆਂ ਨੂੰ ਆਵਾਜਾਈ ਵਿਚ ਸੌਖਾ ਹੋਵੇਗਾ, ਸਗੋਂ ਇਲਾਕੇ ਦੇ ਵਪਾਰ ਅਤੇ ਖੇਤੀਬਾੜੀ ਕੰਮਾਂ ਵਿੱਚ ਵੀ ਆਸਾਨੀ ਹੋਵੇਗੀ।ਉਨ੍ਹਾਂ ਕਿਹਾ, ਸਾਡੀ ਸਰਕਾਰ ਪਿੰਡਾਂ ਨੂੰ ਵੀ ਸ਼ਹਿਰੀ ਸਹੂਲਤਾਂ ਦੇਣ ਲਈ ਵਚਨਬੱਧ ਹੈ। ਇਹ ਸੜਕ ਇਲਾਕੇ ਦੇ ਲੋਕਾਂ ਲਈ ਵੱਡੀ ਭੇਟ ਸਾਬਤ ਹੋਵੇਗੀ। ਇਸ ਸੰਬੰਧ ਵਿੱਚ ਸੰਸਦ ਮੈਂਬਰ ਡਾ. ਰਾਜਕੁਮਾਰ ਨੇ ਵੀ ਕਿਹਾ ਕਿ ਇਸ ਸੜਕ ਦੀ ਖਸਤਾ ਹਾਲਤ ਕਾਰਨ ਪਿੰਡ ਵਾਸੀਆਂ ਨੂੰ ਜੋ ਮੁਸ਼ਕਲਾਂ ਆ ਰਹੀਆਂ ਸਨ, ਉਹ ਸਾਡੇ ਧਿਆਨ ਵਿੱਚ ਸਨ ਅਤੇ ਸਾਡੇ ਯਤਨ ਲਗਾਤਾਰ ਚੱਲ ਰਹੇ ਸਨ। ਉਨ੍ਹਾਂ ਦੱਸਿਆ ਕਿ ਸੜਕ ਬਣਾਉਣ ਦੀ ਮਨਜ਼ੂਰੀ ਪਹਿਲਾਂ ਆਮ ਲੁੱਕ ਵਾਲੀ ਸੜਕ ਲਈ ਮਿਲੀ ਸੀ ਅਤੇ ਉਸ ਦਾ ਟੈਂਡਰ ਵੀ ਪਾਸ ਹੋ ਗਿਆ ਸੀ, ਪਰ ਮੈਨੂੰ ਇਹ ਵੀ ਪਤਾ ਸੀ ਕਿ ਫਿਰਨੀ ਦੀ ਲੁੱਕ ਵਾਲੀ ਸੜਕ ਟਿਕਾਊ ਨਹੀਂ ਹੋਵੇਗੀ ਕਿਉਂਕਿ ਪਿੰਡ ਭਾਮ ਦੇ ਬਰਸਾਤੀ ਪਾਣੀ ਦੀ ਨਿਕਾਸੀ ਵੀ ਇਸੇ ਰਾਹੀਂ ਹੁੰਦੀ ਹੈ। ਉਨ੍ਹਾਂ ਕਿਹਾ ਕਿ ਅੱਜ ਇਹ ਜਾਣਕਾਰੀ ਆਪਣੇ ਹਲਕੇ ਵਾਸੀਆਂ ਨਾਲ ਸਾਂਝੀ ਕਰਦੇ ਹੋਏ ਮੈਨੂੰ ਬਹੁਤ ਖੁਸ਼ੀ ਹੋ ਰਹੀ ਹੈ ਕਿ ਸਾਡੀਆਂ ਨਿਰੰਤਰ ਕੋਸ਼ਿਸ਼ਾਂ ਸਦਕਾ ਹੁਣ ਇਹ ਸੜਕ ਸੀਮੈਂਟ ਕਾਂਕਰੀਟ ਦੀ ਬਣੇਗੀ ਜੋ ਲੰਮੇ ਸਮੇਂ ਤੱਕ ਟਿਕਾਊ ਰਹੇਗੀ।

ਜਰਨਲਿਸਟ ਪ੍ਰੈਸ ਕਲੱਬ ਪੰਜਾਬ ਦੀ ਮੀਟਿੰਗ

ਬਸਤੀ ਸੇਖ ਜਲੰਧਰ (ਲਖਵਿੰਦਰ ਸਿੰਘ) ਜਰਨਲਿਸਟ ਪ੍ਰੈਸ ਕਲੱਬ ਰਜਿ. ਪੰਜਾਬ ਦੀ ਮੀਟਿੰਗ ਸੂਬਾ ਪ੍ਰਧਾਨ ਮਨਜੀਤ ਮਾਨ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿਚ ਵੱਖ ਵੱਖ ਏਰੀਆ 'ਚੋਂ ਆਏ ਪੱਤਰਕਾਰ ਸਾਥੀ ਸ਼ਾਮਲ ਹੋਏ। ਮੀਟਿੰਗ ਘਾਹ ਮੰਡੀ ਬਾਬਾ ਗੁਰਮੀਤ ਸਿੰਘ ਦੇ ਨਿੱਜੀ ਦਫਤਰ ਜਲੰਧਰ ਵਿਖੇ ਕੀਤੀ ਗਈ। ਮੀਟਿੰਗ ਨੂੰ ਸੰਬੋਧਨ ਕਰਦਿਆਂ ਸੂਬਾ ਪ੍ਰਧਾਨ ਮਨਜੀਤ ਮਾਨ ਨੇ ਕਿਹਾ ਕਿ ਪ੍ਰੈਸ ਕਲੱਬ ਨੂੰ ਬੁਲੰਦੀਆਂ 'ਤੇ ਪਹੁੰਚਾਣਾ ਤੇ ਜਿੰਮੇਵਾਰੀ ਸਮਝ ਕੇ ਕੰਮ ਕਰਨ ਲਈ ਤਿਆਰ ਰਹਿਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਮੈਂਬਰਸ਼ਿਪ ਦੇ ਨਾਲ ਹੁਣ ਸਵੈ ਘੋਸਣਾ ਫਾਰਮ ਵੀ ਬਣਾਏ ਜਾਣਗੇ। ਨਵੇਂ ਆਈ ਕਾਰਡ ਤੇ ਬਹੁਤ ਜਲਦੀ ਹੀ ਮੀਟਿੰਗ ਬੁਲਾਈ ਜਾਵੇਗੀ ਅਤੇ ਸੂਬਾ ਕਮੇਟੀ 'ਚ ਵਾਧਾ ਕੀਤਾ ਜਾਵੇਗਾ। ਕੋਰ ਕਮੇਟੀ ਦਾ ਗਠਨ ਤੇ ਜਿਲਾ ਜਲੰਧਰ ਦੀ ਮੀਟਿੰਗ ਵੀ ਜਲਦੀ ਕੀਤੀ ਜਾਵੇਗੀ। ਉਨ੍ਹਾਂ ਪਿਛਲੇ ਕੀਤੇ ਕੰਮਾਂ ਬਾਰੇ ਵੀ ਵਿਸਥਾਰਤ ਨਾਲ ਦੱਸਿਆ। ਇਸ ਮੌਕੇ ਪ੍ਰੀਤ ਸੰਗੋਜਲਾ ਜਿਲ੍ਹਾ ਕਪੂਰਥਲਾ ਦੇ ਪ੍ਰਧਾਨ, ਰਾਮ ਸਿੰਘ ਭੱਟੀ ਮੁੱਖ ਬੁਲਾਰੇ, ਪ੍ਰਿੰਸੀਪਲ ਰਵੀ ਸ਼ਰਮਾ, ਸੁਖਵਿੰਦਰ ਸਿੰਘ ਸਿੱਧੂ, ਐਸ ਕੇ ਸਕਸੈਨਾ, ਬਿੱਟੂ ਉਬਰਾਏ, ਰਣਯੋਧ ਸਿੰਘ ਯੋਧੂ, ਰਕੇਸ਼ ਕੁਮਾਰ ਪ੍ਰਧਾਨ ਜਿਲ੍ਹਾ ਜਲੰਧਰ, ਲਖਵਿੰਦਰ ਆਧੀ, ਜਗਦੀਸ਼ ਦੁੱਗ, ਅਸ਼ੋਕ ਲਾਡੀ, ਰਕੇਸ਼ ਕਾਲੀਆਂ, ਸ਼ਾਮ ਨੰਦਾ, ਸੋਨੂੰ ਸਿੱਧੂ, ਡੀ ਕੇ ਅਰੋੜਾ, ਹਰਜੋਤ ਸੇਠੀ ਲਾਂਬੜਾ, ਹਰਭਜਨ ਰਾਜਾ ਮਹਿਤਪੁਰ, ਦੇਵ ਰਾਜ ਸ਼ਰਮਾ, ਸਮਿਤ ਮਹਿੰਦਰੂ, ਰੋਹਿਤ ਅਰੋੜਾ, ਸੰਦੀਪ ਮਾਨ ਆਦਿ ਨੇ ਆਪਣੇ ਆਪਣੇ ਵਿਚਾਰ ਪੇਸ਼ ਕੀਤੇ।

ਯੋਗਾ ਸਿਰਫ਼ ਸਰੀਰਕ ਕਸਰਤ ਹੀ ਨਹੀਂ; ਇੱਕ ਸ਼ਾਨਦਾਰ ਅਨੁਸ਼ਾਸਨ ਵੀ ਹੈ : ਕੌਂਡਲ

ਗੁਰਦਾਸਪੁਰ, (ਜਨਕ ਮਹਾਜਨ)-ਦੇਸ਼ ਦੇ ਪ੍ਰਮੁੱਖ ਜਨਤਕ ਖੇਤਰ ਦੇ ਬੈਂਕ ਪੰਜਾਬ ਨੈਸ਼ਨਲ ਬੈਂਕ (ਪੀਐੱਨਬੀ) ਨੇ ਇਸ ਸਾਲ ਦੇ ਗਲੋਬਲ ਥੀਮ 'ਇੱਕ ਧਰਤੀ, ਇੱਕ ਸਿਹਤ' ਦੇ ਅਨੁਸਾਰ ਆਪਣੇ ਮੁੱਖ ਦਫਤਰ, ਜ਼ੋਨਾਂ ਅਤੇ ਸਰਕਲ ਦਫਤਰਾਂ ਵਿੱਚ 11ਵਾਂ ਅੰਤਰਰਾਸ਼ਟਰੀ ਯੋਗ ਦਿਵਸ ਬਹੁਤ ਉਤਸ਼ਾਹ ਅਤੇ ਏਕਤਾ ਨਾਲ ਮਨਾਇਆ।ਇਸ ਪਹਿਲਕਦਮੀ ਰਾਹੀਂ ਬੈਂਕ ਨੇ ਕਰਮਚਾਰੀਆਂ ਦੀ ਸੰਪੂਰਨ ਸਿਹਤ ਅਤੇ ਸਮਾਜਿਕ ਸਦਭਾਵਨਾ ਨੂੰ ਉਤਸ਼ਾਹਿਤ ਕਰਨ ਦੀ ਆਪਣੀ ਵਚਨਬੱਧਤਾ ਨੂੰ ਹੋਰ ਮਜ਼ਬੂਤ ਕੀਤਾ।ਪੀਐੱਨਬੀ ਪਰਿਵਾਰ ਦੇ ਮੈਂਬਰਾਂ ਨੇ ਸਵੇਰ ਦੇ ਯੋਗਾ ਸੈਸ਼ਨਾਂ ਵਿੱਚ ਸਰਗਰਮੀ ਨਾਲ ਹਿੱਸਾ ਲਿਆ ਜੋ ਤਣਾਅ ਪ੍ਰਬੰਧਨ, ਆਰਾਮ ਤਕਨੀਕਾਂ ਅਤੇ ਪ੍ਰਾਣਾਯਾਮ 'ਤੇ ਕੇਂਦ੍ਰਿਤ ਸਨ।ਇਸ ਮੌਕੇ ਸੰਜੀਤ ਕੁਮਾ

23-JUNE-PAGE-7.qxd 6/22/2025 9:15 PM Page 1

ਪਾਣੀਆਂ ਦੇ ਮੁੱਦੇ 'ਤੇ ਸੌੜੀ ਰਾਜਨੀਤੀ ਕਰ ਰਹੇ ਮੁੱਖ ਮੰਤਰੀ ਅਬਦੁੱਲਾ : ਚੱਠਾ

ਧੂਰੀ (ਮੋਹਿਤ ਗਰਗ, ਬਿੰਨੀ ਗਰਗ)-ਆਮ ਆਦਮੀ ਪਾਰਟੀ ਪੰਜਾਬ ਦੇ ਸੂਬਾਈ ਆਗੂ ਸਤਿੰਦਰ ਸਿੰਘ ਚੱਠਾ ਨੇ ਜੰਮੂ ਕਸ਼ਮੀਰ ਦੇ ਮੁੱਖ ਮੰਤਰੀ ਉਮਰ ਅਬਦੁੱਲਾ ਵੱਲੋਂ ਪਾਣੀਆਂ ਦੇ ਮੁੱਦੇ 'ਤੇ ਦਿੱਤੇ ਬਿਆਨ ਦੀ ਨਿੰਦਾ ਕਰਦਿਆਂ ਅਬਦੁੱਲਾ 'ਤੇ ਪਾਣੀ ਦੇ ਮੁੱਦੇ 'ਤੇ ਜਾਣਬੁੱਝ ਕੇ ਰਾਜਨੀਤੀ ਕਰਨ ਦਾ ਦੋਸ਼ ਲਗਾਇਆ।ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੂੰ ਨਦੀਆਂ ਦੇ ਪਾਣੀ ਬਾਰੇ ਫੈਸਲਾ ਲੈਣ ਦਾ ਅਧਿਕਾਰ ਹੈ। ਇਸ ਲਈ, ਉਮਰ ਅਬਦੁੱਲਾ ਇਸ ਮੁੱਦੇ 'ਤੇ ਇਕਤਰਫਾ ਫੈਸਲਾ ਨਹੀਂ ਲੈ ਸਕਦੇ।ਉਨ੍ਹਾਂ ਕਿਹਾ ਕਿ ਪੰਜਾਬ ਨੂੰ ਪਾਣੀ ਦੀ ਲੋੜ ਹੈ, ਇਸ ਲਈ ਸਿੰਧੂ ਨਦੀ ਤੋਂ ਪੰਜਾਬ ਨੂੰ ਵੀ ਪਾਣੀ ਮਿਲਣਾ ਚਾਹੀਦਾ ਹੈ।ਉਨ੍ਹਾਂ ਕਿਹਾ ਕਿ ਪਾਕਿਸਤਾਨ ਨਾਲ ਜੰਗ ਦੌਰਾਨ ਭਾਰਤ ਸਰਕਾਰ ਨੇ ਸਿੰਧੂ ਜਲ ਸੰਧੀ ਨੂੰ ਰੱਦ ਕਰਨ ਦਾ ਫੈਸਲਾ ਕੀਤਾ ਸੀ, ਇਸ ਲਈ ਹੁਣ ਭਾਰਤ ਸਰਕਾਰ ਨੂੰ ਬਾਕੀ ਰਹਿੰਦੇ ਪਾਣੀ ਦੀ ਸਹੀ ਵੰਡ ਕਰਨੀ ਚਾਹੀਦੀ ਹੈ ਅਤੇ ਪੰਜਾਬ ਨੂੰ ਉਸ ਦਾ ਬਣਦਾ ਹਿੱਸਾ ਦੇਣਾ ਚਾਹੀਦਾ ਹੈ।ਉਨ੍ਹਾਂ ਕਿਹਾ ਕਿ ਪੰਜਾਬ ਜੰਮੂ-ਕਸ਼ਮੀਰ ਵਾਂਗ ਇੱਕ ਸਰਹੱਦੀ ਸੂਬਾ ਹੈ।ਜਦੋਂ ਵੀ ਕੋਈ ਜੰਗ ਹੁੰਦੀ ਹੈ, ਇਹ ਜੰਗ ਦਾ ਮੈਦਾਨ ਬਣ ਜਾਂਦਾ ਹੈ।ਜਦੋਂ ਦੇਸ਼ ਨੂੰ ਅਨਾਜ ਦੀ ਲੋੜ ਹੁੰਦੀ ਹੈ, ਤਾਂ ਉਹ ਭੋਜਨ ਪ੍ਰਦਾਤਾ ਬਣ ਜਾਂਦਾ ਹੈ।ਹੁਣ ਜਦੋਂ ਪਾਣੀ ਬਚਿਆ ਹੈ, ਤਾਂ ਉਸ 'ਤੇ ਪੰਜਾਬ ਦਾ ਵੀ ਹੱਕ ਬਣਦਾ ਹੈ।ਉਨ੍ਹਾਂ ਕਿਹਾ ਕਿ ਅੱਜ ਪੰਜਾਬ ਨੂੰ ਪਾਣੀ ਦੀ ਸਖ਼ਤ ਲੋੜ ਹੈ। ਸਾਡੇ ਜ਼ਿਆਦਾਤਰ ਇਲਾਕੇ ਡਾਰਕ ਜ਼ੋਨ ਵਿੱਚ ਚਲੇ ਗਏ ਹਨ।ਦੇਸ਼ ਦੇ ਅਨਾਜ ਭੰਡਾਰਾਂ ਨੂੰ ਭਰਨ ਦੀ ਪ੍ਰਕਿਰਿਆ ਵਿੱਚ ਸਾਨੂੰ ਆਪਣੇ ਪਾਣੀ ਤੋਂ ਵਾਂਝਾ ਕਰ ਦਿੱਤਾ ਗਿਆ ਹੈ।ਅੱਜ, ਜਦੋਂ ਸਿੰਧੂ ਜਲ ਸੰਧੀ ਰੱਦ ਕਰ ਦਿੱਤੀ ਗਈ ਹੈ, ਤਾਂ ਇਸ ਪਾਣੀ 'ਤੇ ਸਾਡਾ ਪਹਿਲਾ ਹੱਕ ਹੈ, ਕਿਉਂਕਿ ਇਹ ਪਾਣੀ ਨਾ ਸਿਰਫ਼ ਸਾਡੀ ਬੰਜਰ ਜ਼ਮੀਨ ਨੂੰ ਰਾਹਤ ਪ੍ਰਦਾਨ ਕਰੇਗਾ, ਸਗੋਂ ਸਾਡੀ ਖੇਤੀਬਾੜੀ ਨੂੰ ਵੀ ਖੁਸ਼ਹਾਲ ਕਰੇਗਾ।ਕਿਸਾਨ ਖੁਸ਼ਹਾਲ ਹੋਵੇਗਾ, ਫਿਰ ਦੇਸ਼ ਖੁਸ਼ਹਾਲ ਹੋਵੇਗਾ।ਮੁੱਖ ਮੰਤਰੀ ਭਗਵੰਤ ਮਾਨ ਨੇ ਵੀ ਸਿੰਧੂ ਸਮਝੌਤਾ ਰੱਦ ਹੋਣ ਤੋਂ ਬਾਅਦ ਕਿਹਾ ਸੀ ਕਿ ਪੰਜਾਬ ਨੂੰ ਵੀ ਪਾਕਿਸਤਾਨ ਜਾਣ ਤੋਂ ਰੋਕੇ ਗਏ ਪਾਣੀ ਵਿੱਚੋਂ ਹਿੱਸਾ ਮਿਲਣਾ ਚਾਹੀਦਾ ਹੈ।ਇਸ ਲਈ, ਭਾਰਤ ਸਰਕਾਰ ਨੂੰ ਇਸ 'ਤੇ ਵਿਚਾਰ ਕਰਨਾ ਚਾਹੀਦਾ ਹੈ।

ਰਾਤ ਸਮੇਂ ਹਾਈਵੇ 'ਤੇ ਲੁੱਟਾਂ-ਖੋਹਾਂ ਕਰਨ ਵਾਲੇ ਗੈਂਗ ਦੇ ਦੋ ਮੈਂਬਰ ਕਾਬੂ

■ ਇੱਕ ਆਟੋ, ਦੋ ਮੋਟਰਸਾਈਕਲ ਤੇ ਐਕਟਿਵਾ ਬਰਾਮਦ

ਰਾਜਪੁਰਾ (ਰਮੇਸ਼ ਕਟਾਰੀਆ)-ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਇੰਸਪੈਕਟਰ ਕਿਰਪਾਲ ਸਿੰਘ ਮੁੱਖ ਅਫਸਰ ਥਾਣਾ ਸਿਟੀ ਰਾਜਪੁਰਾ ਨੇ ਦੱਸਿਆ ਕਿ 18 ਜੂਨ 2025 ਦਰਮਿਆਨੀ ਰਾਤ ਨੂੰ ਕਰੀਬ 2:00 ਵਜੇ ਇੱਕ ਵਿਅਕਤੀ ਰਾਜ ਕੁਮਾਰ ਜੋ ਕਿ ਆਪਣਾ ਆਟੋ ਲੈ ਕੇ ਰਾਜਪੁਰਾ ਟਾਊਨ ਤੋਂ ਪਟਿਆਲੇ ਵੱਲ ਜਾ ਰਿਹਾ ਸੀ। ਦੋ ਵਿਅਕਤੀਆਂ ਨੇ ਉਸ ਨੂੰ ਰੋਕ ਕੇ ਖਿੱਚ ਧੂਹ ਕੀਤੀ ਤੇ ਦਾਤਰ ਦਿਖਾ ਕੇ ਉਸ ਦਾ ਆਟੋ ਤੇ ਮੋਬਾਇਲ ਖੋਹ ਕੇ ਲੈ ਗਏ ਸੀ।ਇਸ ਸਬੰਧੀ ਕੰਟਰੋਲ ਰੂਮ ਤੋਂ ਸੂਚਨਾ ਮਿਲੀ, ਜਿਸ 'ਤੇ ਤੁਰੰਤ ਆਪਣੇ ਸੀਨੀਅਰ ਅਫਸਰਾਂ ਦੇ ਧਿਆਨ ਵਿੱਚ ਲਿਆਂਦਾ।ਐਸ.ਐਸ.ਪੀ ਸਾਹਿਬ ਪਟਿਆਲਾ ਸ਼੍ਰੀ ਵਰੁਨ ਸ਼ਰਮਾ ਏ ਐੱਸ ਆਈ ਤੇ ਡੀ.ਐੱਸ.ਪੀ ਰਾਜਪੁਰਾ ਮਨਜੀਤ ਸਿੰਘ ਨੇ ਤੁਰੰਤ ਵੱਖ ਵੱਖ ਟੀਮਾਂ ਬਣਾ ਕੇ ਹਦਾਇਤਾਂ ਕੀਤੀਆਂ। ਹਦਾਇਤਾਂ ਮੁਤਾਬਿਕ ਛਾਨਬੀਣ ਕਰਨੀ ਸ਼ੁਰੂ ਕੀਤੀ ਅਤੇ 19 ਜੂਨ 2025 ਨੂੰ ਇੱਕ ਖਾਸ ਮੁਖਬਰ ਨੇ ਏ.ਐੱਸ.ਆਈ. ਬਲਦੇਵ ਸਿੰਘ ਦੀ ਟੀਮ ਨੂੰ ਗੁਪਤ ਸੂਚਨਾ ਦਿੱਤੀ ਕਿ ਲੁੱਟਾਂ ਖੋਹਾਂ ਕਰਨ ਵਾਲੇ ਦੋ ਵਿਅਕਤੀ ਹਰਵਿੰਦਰ ਸਿੰਘ ਪੁੱਤਰ ਅਮਰਜੀਤ ਸਿੰਘ ਵਾਸੀ ਮਕਾਨ ਨੰਬਰ 124 ਗੁਰੂ ਅਮਰਦਾਸ ਕਲੌਨੀ ਥਾਣਾ ਰਾਜਪੁਰਾ ਜ਼ਿਲ੍ਹਾ ਪਟਿਆਲਾ ਤੇ ਕਮਲ ਸ਼ਰਮਾ ਉਰਫ ਕਮਲੀ ਪੁੱਤਰ ਭੀਮ ਸੈਨ ਸ਼ਰਮਾ ਵਾਸੀ ਮਕਾਨ ਨੰਬਰ 710 ਗੁਰੂ ਅਮਰਦਾਸ ਕਲੌਨੀ ਰਾਜਪੁਰਾ ਆਟੋ 'ਤੇ ਸਵਾਰ ਹੋ ਕੇ ਜੰਡੋਲੀ ਵਾਲੇ ਕੱਚੇ ਰਸਤੇ ਤੋਂ ਆ ਰਹੇ ਹਨ, ਜੇ ਕਿਸੇ ਵੱਡੀ ਵਾਰਦਾਤ ਨੂੰ ਅੰਜਾਮ ਦੇ ਸਕਦੇ ਹਨ।ਤੁਰੰਤ ਨਾਕਾਬੰਦੀ ਕਰਕੇ ਇਨ੍ਹਾਂ ਨੂੰ ਕਾਬੂ ਕੀਤਾ।ਪੜਤਾਲ ਵਿੱਚ ਇੱਕ ਆਟੋ ਦੇ ਮੋਟਰਸਾਈਕਲ ਤੇ ਇੱਕ ਐਕਟਿਵਾ ਬਰਾਮਦ ਹੋਈ।ਇੱਕ ਕਿਰਚ ਟਾਈਪ ਹਥਿਆਰ ਤੇ ਇੱਕ ਦਾਤਰ, ਜੋ ਇਨ੍ਹਾਂ ਨੇ ਵਾਰਦਾਤ ਕਰਨ ਸਮੇਂ ਵਰਤਿਆ ਸੀ, ਵੀ ਬਰਾਮਦ ਹੋਇਆ।ਇਨ੍ਹਾਂ ਤੋਂ ਤਫਤੀਸ਼ ਦੌਰਾਨ ਹੋਰ ਵੀ ਕਾਫੀ ਕੁਝ ਸਾਹਮਣੇ ਆਏ ਹਨ।ਰਿਮਾਂਡ ਦੌਰਾਨ ਸਾਨੂੰ ਹੋਰ ਵੀ ਬਰਾਮਦਗੀ ਹੋਣ ਦੀ ਉਮੀਦ ਹੈ।

ਚੋਰੀ ਕਰਨ ਵਾਲੇ 3 ਗ੍ਰਿਫ਼ਤਾਰ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ, ਕੁਲਭੂਸ਼ਨ ਚਾਵਲਾ)-ਇੰਸਪੈਕਟਰ ਜਸਕਰਨ ਸਿੰਘ ਮੁੱਖ ਅਫਸਰ ਥਾਣਾ ਸਿਟੀ ਸ਼੍ਰੀ ਮੁਕਤਸਰ ਸਾਹਿਬ ਤੇ ਪੁਲਸ ਪਾਰਟੀ ਵੱਲੋਂ ਪਿਛਲੇ ਦਿਨਾਂ ਵਿੱਚ ਅਲੱਗ ਅਲੱਗ ਦੁਕਾਨਾਂ ਦੇ ਵਿੱਚੋਂ ਤਾਲੇ ਤੋੜ ਕੇ ਤੇ ਸ਼ਟਰ ਭੰਨ ਕੇ ਚੋਰੀ ਕਰਨ ਵਾਲੇ 03 ਵਿਅਕਤੀਆਂ ਨੂੰ ਕਾਬੂ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ।ਜਾਣਕਾਰੀ ਅਨੁਸਾਰ ਪੁਲਸ ਨੂੰ ਮਦਦੀ ਗੁਰਮੀਤ ਸਿੰਘ ਪੁੱਤਰ ਗੁਰਦੇਵ ਸਿੰਘ ਵਾਸੀ ਪਿੰਡ ਥਾਂਦੇਵਾਲਾ ਨੇ ਜਾਣਕਾਰੀ ਦਿੱਤੀ ਕਿ ਉਸ ਦੀ ਪਾਈਪ-ਐਂਡ-ਸੋਲਰ ਸਿਸਟਮ ਨਾਂਮ ਦੀ ਦੁਕਾਨ ਮੌੜ ਰੋਡ ਸ੍ਰੀ ਮੁਕਤਸਰ ਸਾਹਿਬ ਵਿਖੇ ਹੈ।ਬੀਤੀ 18 ਜੂਨ 2025 ਨੂੰ ਸਵੇਰੇ ਉਸ ਨੇ ਦੁਕਾਨ ਨੂੰ ਵੇਖਿਆ ਤਾਂ ਉਸ ਦੇ ਦੁਕਾਨ ਦੇ ਤਾਲੇ ਟੁੱਟੇ ਹੋਏ ਸਨ ਤੇ ਸ਼ਟਰ ਭੰਨਿਆ ਹੋਇਆ ਸੀ, ਜਿਸ ਵਿੱਚੋਂ ਪਾਣੀ ਵਾਲੀਆਂ 6 ਮੋਟਰਾਂ ਮਾਰਕਾ ਕਲਸੀ, ਇੱਕ ਕੱਟਰ, ਪਿੱਤਲ ਦੇ ਗੇਟਵਾਲ, ਜਿਨ੍ਹਾਂ ਨੂੰ ਕੋਈ ਨਾ-ਮਾਲੂਮ ਵਿਅਕਤੀ ਚੋਰੀ ਕਰਕੇ ਲੈ ਗਏ ਸਨ, ਜਿਸ ਦੇ ਬਿਆਨਾਂ 'ਤੇ ਪੁਲਸ ਵੱਲੋਂ ਮੁਕਦਮਾ ਥਾਣਾ ਸਿਟੀ ਸ਼੍ਰੀ ਮੁਕਤਸਰ ਸਾਹਿਬ ਵਿਖੇ ਦਰਜ ਕਰਕੇ ਤਫਤੀਸ਼ ਸ਼ੁਰੂ ਕੀਤੀ ਗਈ, ਦੌਰਾਨੇ ਤਫਤੀਸ਼ ਪੁਲਸ ਵੱਲੋਂ ਦੋਸ਼ੀ ਰਾਜਨ ਪੁੱਤਰ ਕਾਲਾ ਰਾਮ, ਦੂਸਰਾ ਰਾਹੁਲ ਪੁੱਤਰ ਸ਼ਾਮ ਲਾਲ ਵਾਸੀਆਂ ਡਾਕਟਰ ਨਾਗਪਾਲ ਵਾਲੀ ਗਲੀ ਟਿੱਬੀ ਰੋਡ ਸ੍ਰੀ ਮੁਕਤਸਰ ਸਾਹਿਬ ਤੇ ਤੀਸਰਾ ਅਮਨਦੀਪ ਸਿੰਘ ਪੁੱਤਰ ਗੁਰਦਿਆਲ ਚੰਦ ਵਾਸੀ ਗਾਂਧੀ ਨਗਰ ਸ੍ਰੀ ਮੁਕਤਸਰ ਸਾਹਿਬ ਨੂੰ ਕਾਬੂ ਕੀਤਾ, ਜਿਨਾਂ ਨੂੰ ਮਾਨਯੋਗ ਅਦਾਲਤ ਪੇਸ਼ ਕਰਕੇ ਰਿਮਾਂਡ ਹਾਸਲ ਕੀਤਾ ਜਾਵੇਗਾ, ਜਿਸ 'ਤੇ ਹੋਰ ਵੀ ਖੁਲਾਸੇ ਹੋਣ ਦੀ ਸੰਭਾਵਨਾ ਹੈ।

ਖ਼ੂਨਦਾਨੀ ਦਿਵਸ 'ਤੇ ਸੰਸਥਾਵਾਂ ਨੂੰ ਕੀਤਾ ਸਨਮਾਨਤ

ਫਰੀਦਕੋਟ (ਐਲਿਗਜ਼ੈਂਡਰ ਡਿਸੂਜਾ)-ਵਿਸ਼ਵ ਖ਼ੂਨਦਾਨੀ ਦਿਵਸ ਮੌਕੇ ਸਿਵਿਲ ਹਸਪਤਾਲ ਮੋਗਾ ਵੱਲੋਂ ਸਿਵਿਲ ਸਰਜਨ ਡਾ. ਪ੍ਰਦੀਪ ਮਹਿੰਦਰਾ, ਡੀ.ਆਈ.ਓ ਡਾ. ਅਸ਼ੋਕ ਸਿੰਗਲਾ, ਐੱਸ.ਐੱਮ.ਓ. ਡਾ. ਗਗਨਦੀਪ ਸਿੱਧੂ, ਬੀ.ਟੀ.ਓ. ਡਾ. ਅਕੁੰਨਸ਼ਾ ਮਿੱਤਲ, ਐੱਮ.ਐੱਲ.ਟੀ. ਸਟੀਫਨ, ਕੌਂਸਲਰ ਕੁਲਦੀਪ ਸਿੰਘ ਆਦਿ ਵੱਲੋਂ ਸਨਮਾਨਤ ਕੀਤਾ ਗਿਆ।ਇਸ ਮੌਕੇ ਸ੍ਰ. ਜਸਵਿੰਦਰ ਸਿੰਘ ਢਿੱਲੋਂ ਮੈਮੋਰੀਅਲ ਵੈੱਲਫ਼ੇਅਰ ਸੁਸਾਇਟੀ (ਰਜਿ.) ਫ਼ਰੀਦਕੋਟ ਪੰਜਾਬ ਸੋਸ਼ਲ ਸੁਸਾਇਟੀ (ਰਜਿ.) ਪੰਜਾਬ, ਸਾਂਝ ਬਲੱਡ ਵੈੱਲਫ਼ੇਅਰ ਕਲੱਬ (ਰਜਿ.), ਫ਼ਰੀਦਕੋਟ, ਗੁਰਦੁਵਾਰਾ ਲੰਗਰ ਮਾਤਾ ਖੀਵੀ ਜੀ ਫ਼ਰੀਦਕੋਟ, ਬਲੱਡ ਸੇਵਾ ਸੁਸਾਇਟੀ ਮੋਗਾ, ਬਾਬਾ ਫਰੀਦ ਸੇਵਾ ਸੁਸਾਇਟੀ ਆਦਿ ਨੂੰ ਸਮਾਜ ਸੇਵਾ ਦੇ ਖੇਤਰ ਵਿੱਚ ਵਧੀਆ ਸੇਵਾਵਾਂ ਨਿਭਾਉਣ ਲਈ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ।ਇਸ ਮੌਕੇ ਗੁਰਜੀਤ ਸਿੰਘ ਹੈਰੀ ਢਿੱਲੋਂ, ਪੰਕਜ ਦਿਓੜਾ, ਗੁਰਪ੍ਰੀਤ ਸਿੰਘ, ਅਰਸ਼ਦੀਪ ਸਿੰਘ, ਧਰਮਿੰਦਰ ਸਿੰਘ, ਗੁਰਜੋਤ ਸਿੰਘ, ਰਾਘਵ ਸ਼ਰਮਾ, ਗੁਰਪ੍ਰੀਤ ਸਿੰਘ ਗਿੱਲ, ਲਵਦੀਪ, ਗੁਰਵਿੰਦਰ ਕੌਰ ਤੇ ਸਮੂਹ ਟੀਮ ਸ਼ਾਮਲ ਹੋਏ।

ਵਰਲਡ ਯੂਨੀਵਰਸਿਟੀ ਦੇ ਵਿਦਿਆਰਥੀਆਂ ਵੱਲੋਂ ਪੀ ਏ ਯੂ ਦਾ ਦੌਰਾ

ਸ੍ਰੀ ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਫਤਿਹਗੜ੍ਹ ਸਾਹਿਬ ਦੇ ਬੀ. ਟੈੱਕ. ਫੂਡ ਪ੍ਰੋਸੈਸਿੰਗ ਤਕਨਾਲੋਜੀ ਤੇ ਐੱਮ.ਐੱਸ.ਸੀ. ਫੂਡ ਪ੍ਰੋਸੈਸਿੰਗ ਤਕਨਾਲੋਜੀ ਦੇ ਵਿਦਿਆਰਥੀਆਂ ਨੇ ਫੂਡ ਸੇਫਟੀ ਸਿਖਲਾਈ ਤੇ ਪ੍ਰਮਾਣੀਕਰਨ ਪ੍ਰੋਗਰਾਮ ਵਿੱਚ ਸ਼ਾਮਲ ਹੋਣ ਲਈ ਪੰਜਾਬ ਖੇਤੀਬਾੜੀ ਯੂਨੀਵਰਸਿਟੀ (ਪੀਏਯੂ) ਲੁਧਿਆਣਾ ਦਾ ਦੌਰਾ ਕੀਤਾ।ਇਹ ਸਿਖਲਾਈ ਵਿਦਿਆਰਥੀਆਂ ਨੂੰ ਭੋਜਨ ਸੁਰੱਖਿਆ ਮਿਆਰਾਂ, ਸਫਾਈ ਅਭਿਆਸਾਂ ਤੇ ਭੋਜਨ ਉਦਯੋਗ ਵਿੱਚ ਜ਼ਰੂਰੀ ਰੈਗੂਲੇਟਰੀ ਪਾਲਣਾ ਦੀ ਸਮਝ ਨੂੰ ਵਧਾਉਣ ਲਈ ਆਯੋਜਿਤ ਕੀਤੀ ਗਈ ਸੀ।ਇਸ ਫੇਰੀ ਦਾ ਤਾਲਮੇਲ ਫੂਡ ਪ੍ਰੋਸੈਸਿੰਗ ਤਕਨਾਲੋਜੀ ਵਿਭਾਗ ਦੇ ਮੁਖੀ ਡਾ. ਰੁਪਿੰਦਰ ਪਾਲ ਸਿੰਘ ਦੀ ਯੋਗ ਅਗਵਾਈ ਹੇਠ ਕੀਤਾ ਗਿਆ ਸੀ।ਸਹਾਇਕ ਪ੍ਰੋਫੈਸਰ ਸ੍ਰੀਮਤੀ ਪ੍ਰਭਜੀਤ ਕੌਰ ਤੇ ਸ੍ਰੀਮਤੀ ਹਰਮਨਦੀਪ ਕੌਰ ਨੇ ਵਿਦਿਆਰਥੀਆਂ ਦੀ ਅਗਵਾਈ ਕੀਤੀ ਤੇ ਸਿਖਲਾਈ ਦੌਰਾਨ ਨਿਰੰਤਰ ਸਹਾਇਤਾ ਪ੍ਰਦਾਨ ਕੀਤੀ। ਯੂਨੀਵਰਸਿਟੀ ਦੇ ਵਾਈਸ ਚਾਂਸਲਰ ਪ੍ਰੋ. (ਡਾ.) ਪਰਿਤ ਪਾਲ ਸਿੰਘ ਨੇ ਅਕਾਦਮਿਕ ਸਿਖਲਾਈ ਤੇ ਉਦਯੋਗ ਦੀਆਂ ਜ਼ਰੂਰਤਾਂ ਵਿਚਕਾਰ ਪਾੜੇ ਨੂੰ ਪੂਰਾ ਕਰਨ ਲਈ ਵਿਭਾਗ ਦੇ ਯਤਨਾਂ ਦੀ ਸ਼ਲਾਘਾ ਕੀਤੀ। ਪ੍ਰੋ. (ਡਾ.) ਸੁਖਵਿੰਦਰ ਸਿੰਘ ਬਿਲਿੰਗ, ਡੀਨ ਅਕਾਦਮਿਕ ਮਾਮਲੇ ਨੇ ਸਾਂਝਾ ਕੀਤਾ ਕਿ ਅਜਿਹੇ ਉਦਯੋਗਿਕ ਸਿਖਲਾਈ ਪ੍ਰੋਗਰਾਮ ਵਿਦਿਆਰਥੀਆਂ ਨੂੰ ਵਿਹਾਰਕ ਗਿਆਨ ਨਾਲ ਲੈਸ ਕਰਨ ਤੇ ਭੋਜਨ ਖੇਤਰ ਵਿੱਚ ਉਨ੍ਹਾਂ ਦੀ ਰੁਜ਼ਗਾਰ ਯੋਗਤਾ ਨੂੰ ਬਿਹਤਰ ਬਣਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ।

ਸ਼੍ਰੋਮਣੀ ਕਮੇਟੀ ਵੱਲੋਂ ਭੇਜੀ ਸਹਾਇਤਾ ਰਾਸ਼ੀ ਲੋੜਵੰਦਾਂ ਨੂੰ ਤਕਸੀਮ

ਪਟਿਆਲਾ (ਰਾਜਿੰਦਰ ਸਿੰਘ ਬਿੰਦ)-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਲੋੜਵੰਦਾਂ ਲਈ ਭੇਜੀ ਗਈ ਸਹਾਇਤਾ ਰਾਸ਼ੀ ਨੂੰ ਸਾਬਕਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਵੱਲੋਂ ਤਕਸੀਮ ਕੀਤੀ ਗਈ।ਜ਼ਿਕਰਯੋਗ ਹੈ ਕਿ ਲੋੜਵੰਦਾਂ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪਾਸ ਵੱਖ ਵੱਖ ਅਰਜ਼ੀਆਂ ਭੇਜ ਕੇ ਸਹਾਇਤਾ ਦੀ ਮੰਗ ਕੀਤੀ ਸੀ, ਜਿਸ ਨੂੰ ਸ਼੍ਰੋਮਣੀ ਕਮੇਟੀ ਨੇ ਸਵੀਕਾਰ ਕਰਦਿਆਂ ਉਨ੍ਹਾਂ ਤਿੰਨ ਲੋੜਵੰਦਾਂ ਨੂੰ 40 ਹਜ਼ਾਰ ਦੇ ਕਰੀਬ ਰਾਸ਼ੀ ਦੇ ਚੈੱਕ ਭੇਜੇ ਹਨ।ਸਾਬਕਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਭਾਈ ਰਾਜਿੰਦਰ ਸਿੰਘ, ਭਾਈ ਲਖਵਿੰਦਰ ਸਿੰਘ ਤੇ ਭਾਈ ਬਲਵਿੰਦਰ ਸਿੰਘ ਨੂੰ ਰਾਸ਼ੀ ਦੇ ਚੈੱਕ ਸੌਂਪੇ। ਇਸ ਮੌਕੇ ਪ੍ਰੋ. ਬਡੂੰਗਰ ਨੇ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦਾ ਧੰਨਵਾਦ ਕਰਦਿਆਂ ਕਿਹਾ ਕਿ ਸਮਾਜ ਦੇ ਲੋੜਵੰਦ ਵਿਅਕਤੀਆਂ ਨੇ ਆਪਣੀ ਬਿਮਾਰੀ ਦੇ ਇਲਾਜ ਤੇ ਆਰਥਿਕ ਤੌਰ 'ਤੇ ਮਦਦ ਦੀ ਮੰਗ ਕੀਤੀ ਸੀ, ਜਿਸ ਨੂੰ ਪ੍ਰਵਾਨ ਕਰਦਿਆਂ ਉਨ੍ਹਾਂ ਨੂੰ ਰਾਸ਼ੀ ਦੇ ਚੈੱਕ ਸੌਂਪ ਦਿੱਤੇ ਹਨ। ਇਸ ਮੌਕੇ ਹੋਰਨਾਂ ਤੋਂ ਇਲਾਵਾ ਮੈਨੇਜਰ ਭਾਗ ਸਿੰਘ, ਗੁਰਦੁਆਰਾ ਰਵਿਦਾਸ ਕਮੇਟੀ ਦੇ ਪ੍ਰਧਾਨ ਰਾਜ ਸਿੰਘ ਆਦਿ ਤੋਂ ਇਲਾਵਾ ਸ਼੍ਰੋਮਣੀ ਕਮੇਟੀ ਦੇ ਸਟਾਫ਼ ਮੈਂਬਰ ਆਦਿ ਸ਼ਾਮਲ ਸਨ।

ਪੰਜਾਬੀ ਸਾਹਿਤ ਕਲਾ ਮੰਚ ਵੱਲੋਂ ਕਵੀ ਸੰਮੇਲਨ 25 ਨੂੰ

ਮਾਨਸਾ (ਆਤਮਾ ਸਿੰਘ ਪਮਾਰ)-ਪੰਜਾਬੀ ਸਾਹਿਤ ਕਲਾ ਮੰਚ ਮਾਨਸਾ ਵੱਲੋਂ ਪੰਜਾਬ ਭਰ 'ਚ ਕਵੀ ਸੰਮੇਲਨ ਕਰਵਾਏ ਜਾਣ ਲਈ ਪ੍ਰੋਗਰਾਮ ਉਲੀਕੇ ਜਾ ਰਹੇ ਹਨ।ਇਸੇ ਕੜੀ ਤਹਿਤ ਮੰਚ ਵੱਲੋਂ ਜ਼ਿਲ੍ਹਾ ਸੰਗਰੂਰ ਦੇ ਸ਼ਹਿਰ ਸੁਨਾਮ ਵਿਖੇ ਸੱਤਵਾਂ ਕਵੀ ਸੰਮੇਲਨ 25 ਜੂਨ ਨੂੰ ਕਰਵਾਇਆ ਜਾ ਰਿਹਾ ਹੈ।ਇਸ ਸਬੰਧੀ ਜਾਣਕਾਰੀ ਦਿੰਦਿਆਂ ਮੰਚ ਦੇ ਪ੍ਰਧਾਨ ਅਮਨਦੀਪ ਸ਼ਰਮਾ ਨੇ ਦੱਸਿਆ ਕਿ ਇਸ ਸੰਮੇਲਨ ਦੌਰਾਨ ਮਾਨਸਾ, ਬਠਿੰਡਾ, ਸੰਗਰੂਰ, ਰੱਤੀਆ ਤੋਂ ਕਵੀ ਸ਼ਿਰਕਤ ਕਰ ਰਹੇ ਹਨ।ਉਨ੍ਹਾਂ ਕਿਹਾ ਕਿ ਇਸ ਕਵੀ ਸੰਮੇਲਨ ਦੌਰਾਨ ਉਭਰ ਰਹੇ ਕਵੀਆਂ ਦੇ ਦੋ ਕਾਵਿ ਸੰਗ੍ਰਹਿ ਵੀ ਲੋਕ ਅਰਪਣ ਕੀਤੇ ਜਾਣਗੇ।

ਉਨ੍ਹਾਂ ਕਿਹਾ ਕਿ ਮੰਚ ਦਾ ਉਦੇਸ਼ ਪੰਜਾਬ ਭਰ ਵਿੱਚ ਨਵੇਂ ਕਵੀਆਂ ਨੂੰ ਉਭਾਰਨਾ ਤੇ ਕਵਿਤਾ ਦੇ ਖੇਤਰ ਨਾਲ ਜੋੜਨਾ ਹੈ।ਮੰਚ ਦੇ ਉਪ-ਪ੍ਰਧਾਨ ਰਜਿੰਦਰ ਵਰਮਾ, ਜਨਰਲ ਸਕੱਤਰ ਗੁਰਜੰਟ ਸਿੰਘ ਬੱਛੋਆਣਾ, ਗੁਲਜ਼ਾਰ ਡੋਗਰਾ, ਪੂਜਾ ਪੁੰਡਰਕ, ਪਰਵੀਨ ਬਲਿਆਲ, ਰਾਜਵਿੰਦਰ ਸਿੰਘ ਖੱਤਰੀ ਵਾਲਾ, ਡਾ. ਰਾਮ ਸਿੰਘ ਨੇ ਦੱਸਿਆ ਕਿ ਮੰਚ ਦਾ ਮੁੱਖ ਦੇਸ਼ ਨਵੇਂ ਕਵੀਆਂ ਨੂ

23 Jun Page-8.qxd 6/22/2025 10:20 PM Page 1

ਡਿਪਟੀ ਕਮਿਸ਼ਨਰ ਵੱਲੋਂ ਸਿਹਤਮੰਦ ਰਹਿਣ ਲਈ ਯੋਗ ਅਪਣਾਉਣ ਦਾ ਸੱਦਾ

ਨਵਾਂਸ਼ਹਿਰ (ਮਨੋਜ ਲਾਡੀ)- ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਅੰਤਰਰਾਸ਼ਟਰੀ ਯੋਗ ਦਿਵਸ ਨੂੰ ਸਮਰਪਿਤ ਸੀ. ਐਮ. ਦੀ ਯੋਗਸ਼ਾਲਾ ਤਹਿਤ ਸਥਾਨਕ ਆਰ.ਕੇ. ਆਰੀਆ ਕਾਲਜ ਵਿਖੇ ਯੋਗ ਦਿਵਸ ਮੌਕੇ ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ ਨੇ ਲੋਕਾਂ ਨੂੰ ਸੱਦਾ ਦਿੱਤਾ ਕਿ ਨਿੱਗਰ ਅਤੇ ਸਿਹਤਮੰਦ ਜੀਵਨ ਲਈ ਯੋਗ ਨੂੰ ਰੋਜ਼ਮਰਾ ਦੀ ਜ਼ਿੰਦਗੀ ਦਾ ਹਿੱਸਾ ਬਣਾਉਣਾ ਚਾਹੀਦਾ ਹੈ।ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ, ਵਿਧਾਇਕ ਡਾ. ਨਛੱਤਰ ਪਾਲ ਸਮੇਤ ਪ੍ਰਸ਼ਾਸਨਿਕ ਅਧਿਕਾਰੀਆਂ ਅਤੇ ਸ਼ਹਿਰ ਵਾਸੀਆਂ ਅਤੇ ਨੌਜਵਾਨਾਂ ਨੇ ਸਥਾਨਕ ਆਰ.ਕੇ. ਆਰੀਆ. ਕਾਲਜ ਵਿਖੇ ਮਾਹਰਾਂ ਵਲੋਂ ਕਰਵਾਈਆਂ ਯੋਗ ਦੀਆਂ ਵੱਖ-ਵੱਖ ਵਿਧੀਆਂ ਬੜੇ ਉਤਸ਼ਾਹ ਨਾਲ ਕਰਕੇ ਯੋਗ ਦਿਵਸ ਮਨਾਇਆ। ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ ਨੇ ਸਿਹਤਮੰਦ ਜੀਵਨ ਵਿੱਚ ਯੋਗ ਦੀ ਮਹੱਤਤਾ ਬਾਰੇ ਦੱਸਦਿਆਂ ਕਿਹਾ ਕਿ ਮੌਜੂਦਾ ਸਮੇਂ ਜ਼ਿੰਦਗੀ ਨੂੰ ਤਨਾਅ ਮੁਕਤ ਰੱਖਣ ਅਤੇ ਸਿਹਤਮੰਦ ਰਹਿਣ ਲਈ ਯੋਗ ਵਿਧੀਆਂ ਅਹਿਮ ਰੋਲ ਅਦਾ ਕਰ ਸਕਦੀਆਂ ਹਨ ਜਿਸ ਲਈ ਸਾਰਿਆਂ ਨੂੰ ਯੋਗ ਅਪਣਾਉਣਾ ਚਾਹੀਦਾ ਹੈ। ਉਨ੍ਹਾਂ ਦੱਸਿਆ ਕਿ ਜਿਲੇ ਵਿੱਚ ਹਰ ਬਲਾਕ

ਵਿੱਚ 11ਵਾਂ ਕੌਮਾਂਤਰੀ ਯੋਗ ਦਿਵਸ ਮਨਾਇਆ ਗਿਆ ਹੈ ਤਾਂ ਜੋ ਵੱਧ ਤੋਂ ਵੱਧ ਲੋਕਾਂ ਨੂੰ ਯੋਗ ਨਾਲ ਜੋੜਿਆ ਜਾ ਸਕੇ।ਡਿਪਟੀ ਕਮਿਸ਼ਨਰ ਨੇ ਆਯੁਰਵੈਦ ਵਿਭਾਗ ਦੀ ਸਮੁੱਚੀ ਟੀਮ ਨੂੰ ਯੋਗ ਦਿਵਸ ਸੁਚੱਜੇ ਢੰਗ ਨਾਲ ਮਨਾਉਣ ਲਈ ਵਧਾਈ ਦਿੰਦਿਆਂ ਕਿਹਾ ਕਿ ਜ਼ਿਲ੍ਹੇ ਵਿਚ ਜ਼ਮੀਨੀ ਪੱਧਰ 'ਤੇ ਲੋਕਾਂ ਨੂੰ ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ ਸੀ.ਐਮ. ਦੀ ਯੋਗਸ਼ਾਲਾ ਨਾਲ ਜੋੜਦਿਆਂ ਇਸ ਸਰੀਰਕ ਪ੍ਰਕਿਰਿਆ ਦਾ ਭਰਪੂਰ ਲਾਭ ਪਹੁੰਚਾਇਆ ਜਾਵੇ। ਉਨ੍ਹਾਂ ਨੇ ਸਮਾਜਿਕ, ਗੈਰ ਸਰਕਾਰੀ ਸੰਸਥਾਵਾਂ ਅਤੇ ਨੌਜਵਾਨਾਂ ਨੂੰ ਸੱਦਾ ਦਿੱਤਾ ਕਿ ਯੋਗ ਦੇ ਹਰ ਖੇਤਰ ਵਿੱਚ ਪ੍ਰਸਾਰ ਲਈ ਸਰਗਰਮ ਭੂਮਿਕਾ ਨਿਭਾਈ ਜਾਵੇ। ਯੋਗ ਦਿਵਸ ਮੌਕੇ ਲੋਕਾਂ ਨੂੰ ਹਰੇ-ਭਰੇ, ਸਾਫ-ਸੁਥਰੇ ਅਤੇ ਪ੍ਰਦਸ਼ਨ ਰਹਿਤ ਵਾਤਾਵਰਣ ਨੂੰ ਯਕੀਨੀ ਬਣਾਉਣ ਦਾ ਸੁਨੇਹਾ ਦਿੰਦਿਆਂ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਵਾਤਾਵਰਣ ਨੂੰ ਸਿਹਤਮੰਦ ਰੱਖਣ ਲਈ ਸਾਰਿਆਂ ਨੂੰ ਵੱਧ ਤੋਂ ਵੱਧ ਬੂਟੇ ਲਾ ਕੇ ਉਨ੍ਹਾਂ ਦਾ ਪਾਲਣ ਯਕੀਨੀ ਬਣਾਉਣਾ ਚਾਹੀਦਾ ਹੈ। ਡਿਪਟੀ ਕਮਿਸ਼ਨਰ ਨੇ ਇਸ ਮੌਕੇ ਵਿਧਾਇਕ ਡਾ. ਨਛੱਤਰ ਪਾਲ ਅਤੇ ਹੋਰਨਾਂ ਸ਼ਖਸੀਅਤਾਂ ਸਮੇਤ ਬੂਟੇ ਵੀ ਲਾਏ। ਇਸ ਮੌਕੇ ਜ਼ਿਲਾ ਆਯੁਰਵੈਦ ਅਧਿਕਾਰੀ ਸਰਬਜੀਤ ਕੌਰ, ਸੀ.ਐਮ. ਦੀ ਯੋਗਸ਼ਾਲਾ ਦੀ ਜ਼ਿਲਾ ਕੋਆਰਡੀਨੇਟਰ ਮਮਤਾ ਖਰੇਰਾ, ਬਾਕੀ ਟੀਮ ਵਿੱਚ ਬਰਿੰਦਾ, ਇਰਾ, ਦੀਪੇਸ਼, ਅਮਰ, ਮਨੀਸ਼ਾ, ਜਤਿੰਦਰ ਕੌਰ, ਸੰਦੀਪ ਕੌਰ, ਨਿਸ਼ਾ, ਪੂਜਾ, ਕਰਨਦੀਪ ਸਿੰਘ, ਗੁਰਮੁਖ ਸਿੰਘ ਆਦਿ ਵੀ ਮੌਜੂਦ ਸਨ।

ਕੈਬਨਿਟ ਵੱਲੋਂ ਜੇਲ੍ਹ ਵਿਭਾਗ 'ਚ 500 ਖ਼ਾਲੀ ਅਸਾਮੀਆਂ ਭਰਨ ਨੂੰ ਪ੍ਰਵਾਨਗੀ

ਚੰਡੀਗੜ੍ਹ : ਜੇਲ੍ਹਾਂ ਵਿੱਚ ਸੁਰੱਖਿਆ ਵਧਾਉਣ ਦੇ ਉਦੇਸ਼ ਨਾਲ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਕੈਬਨਿਟ ਨੇ ਸ਼ਨੀਵਾਰ ਜੇਲ੍ਹ ਸਟਾਫ਼ ਵਿੱਚ ਵੱਖ-ਵੱਖ ਕਾਡਰਾਂ ਦੀਆਂ 500 ਅਸਾਮੀਆਂ ਭਰਨ ਨੂੰ ਪ੍ਰਵਾਨਗੀ ਦਿੱਤੀ ਹੈ।ਇਸ ਸਬੰਧੀ ਫ਼ੈਸਲਾ ਮੁੱਖ ਮੰਤਰੀ ਦੀ ਪ੍ਰਧਾਨਗੀ ਹੇਠ ਪੰਜਾਬ ਸਿਵਲ ਸਕੱਤਰੇਤ ਵਿਖੇ ਉਨ੍ਹਾਂ ਦੇ ਦਫ਼ਤਰ ਵਿੱਚ ਹੋਈ ਮੰਤਰੀ ਮੰਡਲ ਦੀ ਮੀਟਿੰਗ ਵਿੱਚ ਲਿਆ ਗਿਆ।ਮੁੱਖ ਮੰਤਰੀ ਦਫ਼ਤਰ ਦੇ ਬੁਲਾਰੇ ਨੇ ਦੱਸਿਆ ਕਿ ਮੰਤਰੀ ਮੰਡਲ ਨੇ ਜੇਲ੍ਹ ਵਿਭਾਗ, ਪੰਜਾਬ ਵਿੱਚ ਸਿੱਧੀ ਭਰਤੀ ਕੋਟੇ ਤਹਿਤ ਸਹਾਇਕ ਸੁਪਰਡੈਂਟ, ਵਾਰਡਰ ਅਤੇ ਮੈਟਰਨ ਦੀਆਂ 500 ਖ਼ਾਲੀ ਅਸਾਮੀਆਂ ਦੀ ਭਰਤੀ ਨੂੰ ਸਹਿਮਤੀ ਦੇ ਦਿੱਤੀ ਹੈ। ਇਸ ਭਰਤੀ ਵਿੱਚ 29 ਸਹਾਇਕ ਸੁਪਰਡੈਂਟ, 451 ਵਾਰਡਰ ਅਤੇ 20 ਮੈਟਰਨ ਸ਼ਾਮਲ ਹੋਣਗੇ, ਜਿਨ੍ਹਾਂ ਦੀ ਚੋਣ ਪੰਜਾਬ ਅਧੀਨ ਸੇਵਾਵਾਂ ਚੋਣ ਬੋਰਡ ਦੁਆਰਾ ਕੀਤੀ ਜਾਵੇਗੀ, ਜਿਸ ਨਾਲ ਜੇਲ੍ਹਾਂ ਵਿੱਚ ਸੁਰੱਖਿਆ ਵਧਾਉਣ ਵਿੱਚ ਮਦਦ ਮਿਲੇਗੀ। ਇਹ ਕਦਮ ਜੇਲ੍ਹਾਂ ਦੇ ਕੰਮਕਾਜ ਨੂੰ ਹੋਰ ਸੁਚਾਰੂ ਬਣਾਉਣ ਦੇ ਨਾਲ-ਨਾਲ ਉਨ੍ਹਾਂ ਨੂੰ ਸੁਰੱਖਿਅਤ ਬਣਾਉਣ ਵਿੱਚ ਸਹਾਈ ਹੋਵੇਗਾ।ਮੰਤਰੀ ਮੰਡਲ ਨੇ ਪੀ.ਐਸ.ਆਈ.ਈ.ਸੀ. ਦੁਆਰਾ ਪ੍ਰਬੰਧਿਤ ਉਦਯੋਗਿਕ ਅਸਟੇਟਾਂ ਵਿੱਚ ਉਦਯੋਗਿਕ ਪਲਾਟਾਂ ਦੀ ਵੰਡ ਅਤੇ ਉਪ-ਵੰਡ ਲਈ ਇੱਕ ਵਿਆਪਕ ਨੀਤੀ ਨੂੰ ਵੀ ਪ੍ਰਵਾਨਗੀ ਦਿੱਤੀ ਤਾਂ ਜੋ ਜ਼ਮੀਨ ਦੀ ਵਰਤੋਂ ਹੋਰ ਕੁਸ਼ਲਤਾ ਨਾਲ ਕੀਤੀ ਜਾ ਸਕੇ। ਇਹ ਨੀਤੀ

ਉਦਯੋਗਪਤੀਆਂ ਅਤੇ ਪਲਾਟ ਮਾਲਕਾਂ ਦੇ ਨਾਲ-ਨਾਲ ਪ੍ਰਮੁੱਖ ਉਦਯੋਗ ਸੰਗਠਨਾਂ, ਜਿਨ੍ਹਾਂ ਵਿੱਚ ਕਨਫੈਡਰੇਸ਼ਨ ਆਫ਼ ਇੰਡੀਅਨ ਇੰਡਸਟਰੀ (ਸੀਆਈਆਈ), ਮੋਹਾਲੀ ਚੈਂਬਰ ਆਫ਼ ਇੰਡਸਟਰੀ ਐਂਡ ਆਈਟੀ ਅਤੇ ਮੋਹਾਲੀ ਇੰਡਸਟਰੀਅਲ ਐਸੋਸੀਏਸ਼ਨ ਸ਼ਾਮਲ ਹਨ, ਦੀਆਂ ਮੰਗਾਂ ਨੂੰ ਪੂਰਾ ਕਰਦੀ ਹੈ। ਇਹ ਛੋਟੇ ਉਦਯੋਗਿਕ ਪਲਾਟਾਂ, ਖ਼ਾਸ ਕਰਕੇ ਆਈ.ਟੀ. ਅਤੇ ਸੇਵਾ ਖੇਤਰਾਂ ਦੀਆਂ ਲੋੜਾਂ ਨੂੰ ਪੂਰਾ ਕਰਦੀ ਹੈ, ਤਾਂ ਜੋ ਜ਼ਮੀਨ ਦੀ ਕੁਸ਼ਲ ਵਰਤੋਂ ਨੂੰ ਉਤਸ਼ਾਹਿਤ ਕੀਤਾ ਜਾ ਸਕੇ, ਨਿਵੇਸ਼ ਆਕਰਸ਼ਿਤ ਕੀਤਾ ਜਾ ਸਕੇ ਅਤੇ ਪਲਾਟ ਵੰਡ ਅਤੇ ਉਪ-ਵੰਡ ਲਈ ਇੱਕ ਢਾਂਚਾਗਤ, ਪਾਰਦਰਸ਼ੀ ਵਿਧੀ ਸਥਾਪਤ ਕੀਤੀ ਜਾ ਸਕੇ।ਇਹ ਨੀਤੀ 1000 ਵਰਗ ਗਜ਼ ਜਾਂ ਇਸ ਤੋਂ ਵੱਡੇ ਵ੍ਹੀਹੋਲਡ ਪਲਾਟਾਂ 'ਤੇ ਲਾਗੂ ਹੁੰਦੀ ਹੈ, ਜਿਸ ਵਿੱਚ ਉਪ-ਵੰਡ ਪਲਾਟ ਘੱਟੋ-ਘੱਟ 400 ਵਰਗ ਗਜ਼ ਆਕਾਰ ਦੇ ਹੁੰਦੇ ਹਨ। ਇਸ ਲਈ ਅਸਲ ਪਲਾਟ ਦੀ ਮੌਜੂਦਾ ਰਾਖਵੀਂ ਕੀਮਤ ਦੀ 5 ਫ਼ੀਸਦ ਫ਼ੀਸ ਲਈ ਜਾਵੇਗੀ, ਜੋ ਕਿ ਮ੍ਰਿਤਕ ਅਲਾਟੀ ਦੇ ਪਰਵਾਰਕ ਮੈਂਬਰਾਂ ਜਾਂ ਕਾਨੂੰਨੀ ਵਾਰਸਾਂ ਲਈ ਘਟਾ ਕੇ 50 ਫ਼ੀਸਦ ਕਰ ਦਿੱਤੀ ਜਾਵੇਗੀ।ਇਸ ਨੀਤੀ ਵਿੱਚ ਇਸ ਦੇ ਲਾਗੂ ਕਰਨ ਨੂੰ ਸੁਚਾਰੂ ਬਣਾਉਣ ਲਈ ਇੱਕ ਸਟੈਂਡਰਡ ਓਪਰੇਟਿੰਗ ਪ੍ਰਕਿਰਿਆ (ਐਸ ਓ ਪੀ) ਸ਼ਾਮਲ ਹੈ। ਮੰਤਰੀ ਮੰਡਲ ਨੇ ਪੰਜਾਬ ਰਾਜ ਦੇ ਨਸ਼ਿਆਂ ਵਿਰੁੱਧ ਜੰਗ ਪ੍ਰੋਗਰਾਮ ਨੂੰ ਹੋਰ ਤੇਜ਼ ਕਰਨ ਲਈ ਉੱਚ-ਅਧਿਕਾਰੀਆਂ ਵਾਲੀ ਕੈਬਨਿਟ ਸਬ ਕਮੇਟੀ ਦੇ ਗਠਨ ਨੂੰ ਕਾਰਜ ਬਾਅਦ ਪ੍ਰਵਾਨਗੀ ਦੇ ਦਿੱਤੀ। ਇਹ ਕਦਮ ਨਸ਼ਿਆਂ ਵਿਰੁੱਧ ਚੱਲ ਰਹੀ ਜੰਗ ਦੀ ਰੋਜ਼ਾਨਾ ਜਾਂਚ ਵਿੱਚ ਹੋਰ ਮਦਦ ਕਰੇਗਾ, ਜਿਸ ਨਾਲ ਪੰਜਾਬ ਨਸ਼ਿਆਂ ਦੇ ਖ਼ਤਰੇ ਤੋਂ ਮੁਕਤ ਹੋਵੇਗਾ ਅਤੇ ਸੂਬੇ ਦੇ ਨੌਜਵਾਨਾਂ ਨੂੰ ਇਸ ਲਾਨਤ ਤੋਂ ਦੂਰ ਰੱਖੇਗਾ।ਮੰਤਰੀ ਮੰਡਲ ਨੇ ਪੰਜਾਬ ਫਾਇਰ ਐਂਡ ਐਮਰਜੈਂਸੀ ਸਰਵਿਸਿਜ਼ (ਫਾਇਰ ਸੇਫ਼ਟੀ ਸਰਟੀਫਿਕੇਟ ਦੀ ਵੈਧਤਾ) ਨਿਯਮ, 2025 ਬਣਾਉਣ ਨੂੰ ਵੀ ਪ੍ਰਵਾਨਗੀ ਦੇ ਦਿੱਤੀ। ਇਸ ਨਾਲ ਸੂਬਾ ਸਰਕਾਰ ਇੱਕ ਨੋਟੀਫਿਕੇਸ਼ਨ ਰਾਹੀਂ ਇਮਾਰਤਾਂ ਜਾਂ ਅਹਾਤਿਆਂ, ਜਿਸ ਵਿੱਚ ਨਿਰਧਾਰਤ ਜ਼ੋਖ਼ਮ ਸ਼੍ਰੇਣੀਆਂ ਸ਼ਾਮਲ ਹਨ, ਦੇ ਮਾਮਲੇ ਵਿੱਚ ਅੱਗ ਸੁਰੱਖਿਆ ਸਬੰਧੀ ਸਰਟੀਫਿਕੇਟ ਦੀ ਮਿਆਦ ਨਿਰਧਾਰਤ ਕਰ ਸਕੇਗੀ।ਮੰਤਰੀ ਮੰਡਲ ਨੇ ਕਾਰੋਬਾਰ ਕਰਨ ਵਿੱਚ ਸੌਖ ਦੀ ਸਹੂਲਤ ਲਈ ਪੰਜਾਬ ਫੈਕਟਰੀ ਨਿਯਮ, 1952 ਦੇ ਨਿਯਮ 2ਏ, ਨਿਯਮ 3ਏ, ਨਿਯਮ 4 ਅਤੇ ਨਿਯਮ 102 ਵਿੱਚ ਸੋਧ ਨੂੰ ਵੀ ਪ੍ਰਵਾਨਗੀ ਦੇ ਦਿੱਤੀ ਹੈ। ਇਹ ਕਿਸੇ ਵੀ ਸਿਵਲ/ਢਾਂਚਾਗਤ/ਮਕੈਨੀਕਲ ਇੰਜਨੀਅਰ ਦੁਆਰਾ 5 ਸਾਲ ਦੇ ਤਜਰਬੇ ਵਾਲੇ ਜਾਂ 2 ਸਾਲ ਦੇ ਤਜਰਬੇ ਵਾਲੀ ਮਾਸਟਰ ਡਿਗਰੀ ਦੁਆਰਾ ਫੈਕਟਰੀਆਂ ਦੇ ਸਵੈ-ਪ੍ਰਮਾਣੀਕਰਨ ਯੋਜਨਾਵਾਂ ਨੂੰ ਵਿਭਾਗ ਦੁਆਰਾ ਤਸਦੀਕ ਦੇ ਅਧੀਨ ਯੋਗ ਬਣਾਏਗਾ।

ਸਰਕਾਰੀ ਸਕੂਲ ਲੰਗੜੋਆ ਦੇ ਵਿਦਿਆਰਥੀਆਂ ਮਨਾਇਆ ਅੰਤਰਰਾਸ਼ਟਰੀ ਯੋਗ ਦਿਵਸ

ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)- ਸੂਬਾ ਸਰਕਾਰ ਵੱਲੋਂ ਹਰ ਸਾਲ ਅੰਤਰਰਾਸ਼ਟਰੀ ਯੋਗ ਦਿਵਸ ਮੌਕੇ ਵੱਖ ਵੱਖ ਵਿਭਾਗਾਂ ਨੂੰ ਯੋਗ ਕਰਨ ਲਈ ਦਿਸ਼ਾ ਨਿਰਦੇਸ਼ ਦਿੱਤੇ ਜਾਂਦੇ ਹਨ। ਇਸੇ ਲੜੀ ਤਹਿਤ ਚੰਡੀਗੜ੍ਹ ਰੋਡ 'ਤੇ ਸਥਿਤ ਪੀ ਐਮ ਸ੍ਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੰਗੜੋਆ ਦੇ ਵਿਦਿਆਰਥੀਆਂ ਅਤੇ ਸਟਾਫ ਵੱਲੋਂ ਮਿਲ ਕੇ ਅੰਤਰਰਾਸ਼ਟਰੀ ਯੋਗ ਦਿਵਸ ਮਨਾਇਆ ਗਿਆ। ਪ੍ਰਿੰਸੀਪਲ ਡਾ. ਸੁਰਿੰਦਰ ਪਾਲ ਅਗਨੀਹੋਤਰੀ ਦੀ ਯੋਗ ਅਗਵਾਈ ਹੇਠ ਸਕੂਲ ਦੇ ਬੱਚਿਆਂ ਅਤੇ ਸਟਾਫ ਨੇ ਸਕੂਲ ਪੁੱਜ ਕੇ ਵੱਖ ਵੱਖ ਯੋਗ ਕਿਰਿਆਵਾਂ ਕੀਤੀਆਂ। ਇਸ ਮੌਕੇ ਪ੍ਰਿੰਸੀਪਲ ਡਾ. ਸੁਰਿੰਦਰ ਪਾਲ ਅਗਨੀਹੋਤਰੀ ਨੇ ਬੱਚਿਆਂ ਨੂੰ ਦੱਸਿਆ ਸਾਨੂੰ ਰਿਸ਼ਟ ਪੁਸ਼ਟ ਰਹਿਣ ਲਈ ਕਸਰਤ ਬੇਹੱਦ ਜ਼ਰੂਰੀ ਹੈ। ਇਸ ਲਈ ਸਾਨੂੰ ਹਰ ਰੋਜ਼ ਸਰੀਰਕ ਕਸਰਤ ਕਰਨੀ ਚਾਹੀਦੀ ਹੈ ਤਾਂ ਕਿ ਤਨ ਮਨ ਅਰੋਗ ਰਹੇ। ਸਕੂਲ ਬੱਚਿਆਂ ਤੇ ਸਟਾਫ ਵਲੋਂ ਯੋਗ ਆਸਨ ਕੀਤੇ ਗਏ।

ਇਸ ਮੌਕੇ ਪ੍ਰਿੰਸੀਪਲ ਅਗਨੀਹੋਤਰੀ ਨੇ ਬੱਚਿਆਂ ਨੂੰ ਵਾਤਾਵਰਨ ਨੂੰ ਬਚਾਉਣ ਲਈ ਰੁੱਖ ਲਗਾਉਣ ਲਈ ਪ੍ਰੇਰਿਤ ਕੀਤਾ। ਬੱਚਿਆਂ ਨੂੰ ਰਿਫਰੈਸ਼ਮੈਂਟ ਦਿੱਤੀ ਗਈ। ਯੋਗ ਦਿਵਸ ਦੌਰਾਨ ਸਕੂਲ ਵਿਖੇ ਮੈਡਮ ਅਮਨਦੀਪ ਕੌਰ, ਨੀਰਜ ਬਾਲੀ, ਮੀਨਾ ਰਾਣੀ, ਜਸਵਿੰਦਰ ਕੌਰ, ਕਮਲਜੀਤ ਕੌਰ, ਨੀਰਜ ਕੌਰ, ਬਰਿੰਦਰ ਕੌਰ, ਗੁਰਪ੍ਰੀਤ ਕੌਰ, ਗੁਰਪ੍ਰੀਤ ਸਿੰਘ, ਹਰਿੰਦਰ ਸਿੰਘ, ਨਵਨੀਤ ਸਿੰਘ, ਪਰਦੀਪ ਸਿੰਘ, ਸੁਖਵਿੰਦਰ ਲਾਲ, ਮਨਮੋਹਨ ਸਿੰਘ, ਪ੍ਰੇਮਪਾਲ ਸਿੰਘ, ਗੁਰਪ੍ਰੀਤ ਸਿੰਘ, ਕੁਲਵਿੰਦਰ ਸਿੰਘ, ਬਲਜਿੰਦਰ ਸਿੰਘ ਅਤੇ ਕੁਲਵਿੰਦਰ ਕੁਮਾਰ, ਆਦਿ ਹਾਜ਼ਰ ਸਨ।

ਜ਼ਿਲ੍ਹਾ ਪੱਧਰੀ ਅੰਤਰਰਾਸ਼ਟਰੀ ਯੋਗਾ ਦਿਵਸ ਸਮਾਗਮ ਬਹੁਮੰਤਵੀ ਖੇਡ ਸਟੇਡੀਅਮ 'ਚ ਮਨਾਇਆ

ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਗੁਰਜੀਤ ਬਿੱਲਾ)- ਮੋਹਾਲੀ ਸਮੇਤ ਸਾਰੇ 23 ਜ਼ਿਲ੍ਹਿਆਂ, ਬਲਾਕਾਂ, ਪਿੰਡਾਂ ਅਤੇ ਸ਼ਹਿਰਾਂ ਵਿੱਚ ਵਿੱਚ ਅੰਤਰਰਾਸ਼ਟਰੀ ਯੋਗ ਦਿਵਸ ਸਮਾਗਮ ਇੱਕੋ ਸਮੇਂ ਬਹੁਤ ਪੂਰੇ ਉਤਸ਼ਾਹ ਨਾਲ ਮਨਾਇਆ ਗਿਆ।ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ) ਜ਼ਿਲ੍ਹੇ ਵਿੱਚ 33 ਥਾਵਾਂ 'ਤੇ ਮਨਾਏ ਗਏ ਯੋਗਾ ਦਿਵਸ ਸਮਾਗਮਾਂ ਵਿੱਚ 12210 ਲੋਕਾਂ ਨੇ ਭਾਗ ਲਿਆ। ਇਨ੍ਹਾਂ ਯੋਗ ਸਮਾਗਮਾਂ ਵਿੱਚ ਲੋਕਾਂ ਦੇ ਨਾਲ ਨਾਲ ਸੀ ਐਮ ਦੀ ਯੋਗਸ਼ਾਲਾ ਦੇ ਸਾਰੇ ਕੋਆਰਡੀਨੇਟਰਾਂ ਅਤੇ ਯੋਗਸ਼ਾਲਾ ਦੇ ਟ੍ਰੇਨਰਾਂ ਨੇ ਵੀ ਵੱਡੀ ਗਿਣਤੀ ਵਿੱਚ ਹਿੱਸਾ ਲਿਆ।ਮੋਹਾਲੀ ਵਿੱਚ ਜ਼ਿਲ੍ਹਾ ਪ੍ਰਸ਼ਾਸਨ ਦੀ ਸਰਪ੍ਰਸਤੀ ਹੇਠ ਆਯੁਰਵੈਦਾ ਅਤੇ ਯੂਨਾਨੀ ਵਿਭਾਗ ਵੱਲੋਂ ਕੋਆਰਡੀਨੇਟਰ ਪ੍ਰਤਿਮਾ ਡਾਵਰ ਦੀ ਨਿਗਰਾਨੀ ਹੇਠ ਮੋਹਾਲੀ ਸ਼ਹਿਰ ਵਿੱਚ ਸੈਕਟਰ-78, ਸੈਕਟਰ-79, ਸੈਕਟਰ-81, ਸੈਕਟਰ- 66 ਨਯਾ ਛੁਡਾਊ ਅਤੇ ਮੁੜ ਵਸੇਬਾ ਕੇਂਦਰ ਅਤੇ ਖਰੜ ਸ਼ਹਿਰ ਦੇ ਸਾਰੇ ਬਲਾਕਾਂ ਦੇ ਨਾਲ ਨਾਲ, ਖਰੜ ਸ਼ਹਿਰ ਵਿੱਚ ਰਾਮਲੀਲ੍ਹਾ ਹਾਲ ਵਿੱਚ ਯੋਗ ਦਿਵਸ ਬਹੁਤ ਉਤਸ਼ਾਹ ਨਾਲ ਮਨਾਇਆ ਗਿਆ, ਜਿਸ ਵਿੱਚ ਖਰੜ ਦੇ ਐਸ ਡੀ ਐਮ ਦਿਵਿਆ ਪੀ ਵੱਲੋਂ ਵੀ ਯੋਗਾ ਕੀਤਾ ਅਤੇ ਲੋਕਾਂ ਨੂੰ ਯੋਗ

ਦਿਵਸ ਦੀ ਵਧਾਈ ਦਿੱਤੀ।ਇਸ ਤੋਂ ਇਲਾਵਾ ਕੁਰਾਲੀ ਦੇ ਸਵਾਮੀ ਜੀ ਪਾਰਕ, ਪਿੰਡ ਕਾਲੇਵਾਲ, ਪਿੰਡ ਰੁੜਕੀ ਪੁਖਤਾ ਅਤੇ ਖਰੜ ਦੇ ਸੈਕਟਰ-125, ਸੀਨੀਅਰ ਸਿਟੀਜ਼ਨ ਹਾਲ ਅਤੇ ਖਰੜ ਦੇ ਵੈਸਟਰਨ ਟਾਵਰ ਸੋਸਾਇਟੀ ਵਿੱਚ ਵੀ ਯੋਗ ਦਿਵਸ ਮਨਾਇਆ ਗਿਆ। ਨਯਾਗਾਓਂ ਦੇ ਪਿੰਡ ਨਾਡਾ ਵਿੱਚ ਅਤੇ ਨਿਊ ਚੰਡੀਗੜ੍ਹ ਈਕੋਸਿਟੀ ਅਤੇ ਓਮੈਕਸ ਅੰਬਿਕਾ ਵਿੱਚ ਵੀ 11ਵਾਂ ਅੰਤਰਰਾਸ਼ਟਰੀ ਯੋਗ ਦਿਵਸ ਮਨਾਇਆ ਗਿਆ।ਜ਼ਿਲ੍ਹਾ ਕੁਆਰਡੀਨੇਟਰ ਪ੍ਰਤਿਮਾ ਡਾਵਰ ਨੇ ਦੱਸਿਆ ਕਿ ਜ਼ੀਰਕਪੁਰ ਵਿੱਚ ਐਰੋਵਿਸਟਾ, ਕ੍ਰਿਸ਼ਨਾ ਐਨਕਲੇਵ, ਹਾਈਲੈਂਡ ਸੋਸਾਇਟੀ, ਗ੍ਰੀਨ ਲੋਟਸ ਸੋਸਾਇਟੀ, ਜਰਨੈਲ ਸਿੰਘ ਦੌਲਤ ਪਾਰਕ, ਰਾਇਲ ਮੋਤੀਆਜ਼, ਢਕੋਲੀ ਪਿੰਡ, ਗੋਲਡਨ ਸੈਂਡ ਸੋਸਾਇਟੀ, ਅਲਟੂਰਾ ਅਪਾਰਟਮੈਂਟ ਨਾਗਲਾ ਰੋਡ, ਸਵਾਸਤਿਕ ਵਿਹਾਰ, ਮੈਕਸਕਸ ਸੋਸਾਇਟੀ, ਬਾਲੀਵੁੱਡ ਸੋਸਾਇਟੀ ਵਿੱਚ ਯੋਗ ਦਿਵਸ ਬਹੁਤ ਧੂਮਧਾਮ ਨਾਲ ਮਨਾਇਆ ਗਿਆ।ਇਸ ਮੌਕੇ ਜ਼ੀਰਕਪੁਰ ਦੇ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਨੇ ਵੀ ਯੋਗਾ ਕੀਤਾ ਅਤੇ ਬਾਲੀਵੁੱਡ ਸੋਸਾਇਟੀ ਅਤੇ ਅਲਟੂਰਾ ਸੋਸਾਇਟੀ ਵਿੱਚ ਗਏ ਅਤੇ ਲੋਕਾਂ ਨੂੰ ਯੋਗਾ ਕਰਨ ਲਈ ਪ੍ਰੇਰਿਤ ਕੀਤਾ। ਯੋਗਾ ਦਿਵਸ ਮੌਕੇ ਬਲਾਕ ਡੇਰਾਬੱਸੀ ਵਿੱਚ, ਰਾਮਪੁਰ ਸੈਣੀਆਂ, ਫੋਰੈਸਟ ਪਾਰਕ, ਗੁਲਮੋਹਰ ਸਿਟੀ ਐਕਸਟੈਂਸ਼ਨ, ਅਤੇ ਪਿੰਡ ਬਾਕਰਪੁਰ, ਹੰਮਾਯੂਪੁਰ, ਖਾਰ ਗੁੱਜਰਾਂ, ਪਿੰਡ ਕਾਲੇਵਾਲ ਅਤੇ ਬੀ ਡੀ ਪੀ ਓ ਦਫ਼ਤਰ ਡੇਰਾਬੱਸੀ ਵਿੱਚ ਵੀ ਯੋਗ ਦਿਵਸ ਮਨਾਇਆ ਗਿਆ।ਜ਼ਿਲ੍ਹੇ ਵਿੱਚ ਬਹੁਮੰਤਵੀ ਖੇਡ ਸਟੇਡੀਅਮ, ਸੈਕਟਰ-78 ਵਿਖੇ ਮਨਾਏ ਗਏ 11 ਵੇਂ ਅੰਤਰਰਾਸ਼ਟਰੀ ਯੋਗ ਦਿਵਸ ਮੌਕੇ ਐਸ ਡੀ ਐਮ ਮੋਹਾਲੀ, ਦਮਨਦੀਪ ਕੌਰ, ਡੀ ਐਸ ਪੀ, ਹਰਸਿਮਰਨ ਸਿੰਘ ਬੱਲ, ਡਾਇਰੈਕਟਰ, ਆਯੂਰਵੈਦ

23 Jun Page-9.qxd 6/22/2025 10:19 PM Page 1

ਨਸ਼ਾ ਕਰਦੇ 8 ਵਿਅਕਤੀ ਕਾਬੂ

ਨਵਾਂਸ਼ਹਿਰ (ਮਨੋਜ ਲਾਡੀ)- ਜ਼ਿਲ੍ਹਾ ਪੁਲਸ ਵਲੋਂ ਨਸ਼ਾ ਕਰਦਿਆਂ 8 ਵਿਅਕਤੀਆਂ ਨੂੰ ਕਾਬੂ ਕਰਕੇ ਵੱਖ ਵੱਖ ਪੁਲਸ ਥਾਣਿਆਂ 'ਚ ਮਾਮਲਾ ਦਰਜ ਕੀਤਾ ਗਿਆ। ਜਦਕਿ ਇਕ ਵਿਅਕਤੀ ਮੌਕੇ ਤੋਂ ਫਰਾਰ ਹੋ ਗਿਆ । ਇਸੇ ਤਰ੍ਹਾਂ ਇਕ ਹੋਰ ਵਿਅਕਤੀ ਨੂੰ ਨਾਮਜ਼ਦ ਕਰ ਕੇ ਉਸ ਦੀ ਗ੍ਰਿਫ਼ਤਾਰੀ ਲਈ ਉਪਰਾਲੇ ਤੇਜ਼ ਕਰ ਦਿੱਤੇ। ਪੁਲਸ ਥਾਣਾ ਸਿਟੀ ਨਵਾਂਸ਼ਹਿਰ ਵਿਖੇ ਦਰਜ ਮਾਮਲੇ ਅਨੁਸਾਰ ਏ ਐੱਸ ਆਈ ਦੁਨੀ ਚੰਦ ਨੇ ਇਕ ਵਿਅਕਤੀ ਨੂੰ ਨਸ਼ਾ ਕਰਦਿਆਂ ਕਾਬੂ ਕੀਤਾ । ਉਸ ਨੇ ਆਪਣਾ ਨਾਂਅ ਅਮਰਿੰਦਰ ਸਿੰਘ ਉਰਫ ਮਿੰਦੀ ਪੁੱਤਰ ਕੁਲਦੀਪ ਸਿੰਘ ਵਾਸੀ ਗੁਰੂ ਤੇਗ ਬਹਾਦਰ ਨਗਰ ਬੰਗਾ ਰੋਡ ਨਵਾਂਸ਼ਹਿਰ ਦੱਸਿਆ। ਪੁਲਸ ਨੇ ਕਥਿਤ ਮੁਲਜ਼ਮ ਦੇ ਖ਼ਿਲਾਫ਼ ਐੱਨ ਡੀ ਪੀ ਐੱਸ ਐਕਟ ਤਹਿਤ ਮਾਮਲਾ ਦਰਜ ਕੀਤਾ ਹੈ। ਪੁਲਸ ਥਾਣਾ ਰਾਹੋਂ ਦੇ ਐੱਸ ਐੱਚ ਓ ਨੀਰਜ ਚੌਧਰੀ ਨੇ ਦੱਸਿਆ ਕਿ ਸਮੇਤ ਪੁਲਸ ਪਾਰਟੀ ਗਸ਼ਤ ਦੌਰਾਨ ਥਾਣਾ ਰਾਹੋਂ ਤੋਂ ਨਹਿਰ ਦੀ ਪਟੜੀ ਦੇ ਨਾਲ ਹੁੰਦੇ ਹੋਏ ਗੁਰੂ ਨਾਨਕ ਪੁਰ ਜਾ ਰਹੇ ਸੀ। ਜਦੋਂ ਪੁਲਸ ਪਾਰਟੀ ਰੇਲਵੇ ਲਾਈਨ ਪਾਰ ਕਰ ਕੇ ਥੋੜ੍ਹਾ ਅੱਗੇ ਪੁੱਜੀ ਤਾਂ ਨਹਿਰ ਦੀ ਪਟੜੀ ਦੇ ਖੱਬੇ ਪਾਸੇ ਦਰੱਖਤ ਦੀ ਆੜ 'ਚ ਇੱਕ ਨੌਜਵਾਨ ਬੈਠਾ ਲਾਈਟਰ ਬਾਲਦਾ ਦਿਖਾਈ ਦਿੱਤਾ। ਮੁਲਜ਼ਮ ਦੀ ਪਛਾਣ ਸੰਜੀਵ ਉਰਫ ਸੰਜ ਪੱਤਰ ਜੋਗਿੰਦਰ ਲਾਲ ਵਾਸੀ ਮਕਾਨ ਨੰਬਰ 247-ਬੀ ਸ਼ਾਸਤਰੀ ਨਗਰ, ਮਨੀ ਮਾਜਰਾ, ਥਾਣਾ ਆਈ ਟੀ ਪਾਰਕ ਚੰਡੀਗੜ੍ਹ ਹਾਲ ਵਾਸੀ ਪੱਲੀਆਂ ਕਲਾਂ ਵਜੋਂ ਹੋਈ। ਪੁਲਸ ਨੇ ਕਥਿਤ ਮੁਲਜ਼ਮ ਖਿਲਾਫ਼ ਮਾਮਲਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਪੁਲਸ ਥਾਣਾ ਔੜ ਦੀ ਐੱਸ ਐੱਚ ਓ ਨਰੇਸ਼ ਕੁਮਾਰੀ ਨੇ ਦੱਸਿਆ ਕਿ ਸਮੇਤ ਪੁਲਸ ਪਾਰਟੀ ਗਸ਼ਤ ਦੌਰਾਨ ਪਿੰਡ ਗਰਚਾ ਗੁਰਨੇਕ ਸਿੰਘ ਪੁੱਤਰ ਲਹਿਬਰ ਸਿੰਘ ਵਾਸੀ ਗਰਚਾ ਦੀ ਹਵੇਲੀ ਲਾਗੇ ਪੁੱਜੇ ਤਾਂ ਤਾਕੀ ਰਾਹੀਂ ਦੇਖਿਆ ਕਿ ਚਾਰ ਨੌਜਵਾਨ ਬੈਠੇ ਸਿਲਵਰ ਪੰਨੀ ਦੇ ਥੱਲੇ ਲਾਈਟਰ ਜਗ੍ਹਾ ਕੇ ਚਿੱਟਾ ਪੀ ਰਹੇ ਸਨ। ਫੜੇ ਮੁਲਜ਼ਮਾਂ ਦੀ ਪਛਾਣ ਐੱਸ ਐੱਚ ਓ ਨੇ ਦੱਸਿਆ ਕਿ ਜਗਤਾਰ ਸਿੰਘ ਉਰਫ ਤਾਰਾ, ਗੁਰਪ੍ਰੀਤ ਸਿੰਘ ਉਰਫ ਗੋਪੀ, ਗੁਦਾਵਰ ਰਾਮ ਉਰਫ ਗਾਭੂ ਵਜੋਂ ਹੋਈ।ਪੁਲਸ ਥਾਣਾ ਬਹਿਰਾਮ ਦੇ ਏ ਐੱਸ ਆਈ ਜਸਵਿੰਦਰ ਸਿੰਘ ਨੇ ਦੱਸਿਆ ਕਿ ਗਸ਼ਤ ਦੌਰਾਨ ਸ਼ੱਕ ਦੇ ਆਧਾਰ 'ਤੇ ਨਾਂਅ ਪੁੱਛਿਆ ਤਾਂ ਹਰਮਨਪ੍ਰੀਤ ਪੁੱਤਰ ਮਨੋਜ ਕੁਮਾਰ ਦੱਸਿਆ। ਹਰਮਨਪ੍ਰੀਤ ਵੱਲੋਂ ਸੁੱਟੇ ਹੋਏ ਸਮਾਨ ਬਾਰੇ ਪੁੱਛਿਆ ਜਿਸ ਨੇ ਦੱਸਿਆ ਕਿ ਉਹ ਹੈਰੋਇਨ ਪੀਣ ਦਾ ਆਦੀ ਹੈ। ਹਰਮਨਪ੍ਰੀਤ ਨੂੰ ਉਸ ਵੱਲੋਂ ਘਾਹ ਫੂਸ ਤੇ ਸੱਟੇ ਲਾਈਟਰ ਅਤੇ ਸਿਲਵਰ ਪੰਨੀ ਜਿਸ ਪਰ ਹੈਰੋਇਨ ਜਲੀ ਹੋਈ ਅਤੇ 10 ਰੁਪਏ ਦੇ ਨੋਟ ਪਾਈਪ ਨੁਮਾ ਬਣਿਆ ਹੋਇਆ ਬਰਾਮਦ ਹੋਣ ਮਾਮਲਾ ਦਰਜ ਕੀਤਾ ਹੈ।

ਸੰਤ ਨਿਰੰਕਾਰੀ ਮਿਸ਼ਨ ਵੱਲੋਂ ਅੰਤਰਰਾਸ਼ਟਰੀ ਯੋਗ ਦਿਵਸ 'ਤੇ ਦੇਸ਼ ਵਿਆਪੀ ਸਮਾਗਮ

ਡੇਰਾ ਬੱਸੀ (ਵਿਨੈ ਕੁਮਾਰ ਜੈਨ)- ਸੰਤ ਨਿਰੰਕਾਰੀ ਮਿਸ਼ਨ ਨੇ ਅੰਤਰਰਾਸ਼ਟਰੀ ਯੋਗ ਦਿਵਸ ਦੇ ਮੌਕੇ 21 ਜੂਨ ਦੀ ਸਵੇਰ ਨੂੰ ਭਾਰਤ ਵਿੱਚ 1000 ਤੋਂ ਵੱਧ ਥਾਵਾਂ 'ਤੇ ਇੱਕੋ ਸਮੇਂ ਇੱਕ ਵਿਸ਼ਾਲ ਯੋਗ ਦਿਵਸ ਦਾ ਆਯੋਜਨ ਕੀਤਾ। ਇਹ ਪ੍ਰੋਗਰਾਮ ਮਿਸ਼ਨ ਦੀਆਂ ਵੱਖ-ਵੱਖ ਸ਼ਾਖਾਵਾਂ ਵਿੱਚ ਸਥਾਨਕ ਯੋਗਾ ਇੰਸਟ੍ਰਕਟਰਾਂ ਦੀ ਅਗਵਾਈ ਹੇਠ ਨਿਰੰਕਾਰੀ ਸਤਸੰਗ ਭਵਨਾਂ, ਖੁੱਲ੍ਹੇ ਮੈਦਾਨਾਂ ਅਤੇ ਪਾਰਕਾਂ ਵਿੱਚ ਆਯੋਜਿਤ ਕੀਤਾ ਗਿਆ ਸੀ।ਇਸ ਲੜੀ ਦੇ ਤਹਿਤ ਸੰਤ ਨਿਰੰਕਾਰੀ ਸਤਸੰਗ ਭਵਨ ਡੇਰਾ ਬੱਸੀ ਵਿਖੇ ਇੱਕ ਯੋਗਾ ਕੈਂਪ ਦਾ ਆਯੋਜਨ ਕੀਤਾ ਗਿਆ। ਇਸ ਕੈਂਪ ਵਿੱਚ, ਯੋਗਾ ਇੰਸਟ੍ਰਕਟਰ ਭੈਣ ਸਿਮਰਨ ਨੇਗੀ ਨੇ ਡੇਰਾ ਬੱਸੀ ਕੋਆਰਡੀਨੇਟਰ ਭੈਣ ਗੁਰਚਰਨ ਕੌਰ ਦੀ ਅਗਵਾਈ ਹੇਠ ਯੋਗਾ ਆਸਣ ਕੀਤੇ। ਇਸ ਕੈਂਪ ਵਿੱਚ ਸ਼ਰਧਾਲੂਆਂ, ਸੇਵਾਦਲ ਵਲੰਟੀਅਰਾਂ ਅਤੇ ਸਥਾਨਕ ਨਾਗਰਿਕਾਂ ਨੇ ਉਤਸ਼ਾਹ ਨਾਲ ਹਿੱਸਾ ਲਿਆ।ਇਸ ਸਾਲ ਸੰਯੁਕਤ ਰਾਸ਼ਟਰ ਵੱਲੋਂ ਐਲਾਨੇ ਗਏ ਅੰਤਰਰਾਸ਼ਟਰੀ ਯੋਗ ਦਿਵਸ ਦਾ ਵਿਸ਼ਾ 'ਇੱਕ ਧਰਤੀ, ਇੱਕ ਸਿਹਤ ਲਈ ਯੋਗ' ਹੈ ਜੋ ਸਮੁੱਚੀ ਮਨੁੱਖਤਾ ਨੂੰ ਇਹ ਸੰਦੇਸ਼ ਦਿੰਦਾ ਹੈ ਕਿ ਇੱਕ ਵਿਅਕਤੀ ਦੀ ਅਸਲ ਸਿਹਤ ਉਦੋਂ ਹੀ ਸੰਪੂਰਨ ਮੰਨੀ ਜਾਂਦੀ ਹੈ ਜਦੋਂ ਉਹ ਸਰੀਰਕ, ਮਾਨਸਿਕ, ਸਮਾਜਿਕ ਅਤੇ ਅਧਿਆਤਮਿਕ ਤੌਰ

'ਤੇ ਸੰਤੁਲਿਤ ਅਤੇ ਜਾਗਰੂਕ ਹੁੰਦਾ ਹੈ। ਇਸ ਉਦੇਸ਼ ਨੂੰ ਧਿਆਨ ਵਿੱਚ ਰੱਖਦੇ ਹੋਏ ਸੰਤ ਨਿਰੰਕਾਰੀ ਮਿਸ਼ਨ ਆਪਣੇ ਅਧਿਆਤਮਿਕ ਅਤੇ ਸਮਾਜਿਕ ਯਤਨਾਂ ਤਹਿਤ ਯੋਗ ਨੂੰ ਸੰਪੂਰਨ ਤੰਦਰੁਸਤੀ ਦਾ ਇੱਕ ਮਾਧਿਅਮ ਮੰਨਣ ਲਈ ਨਿਰੰਤਰ ਕੰਮ ਕਰ ਰਿਹਾ ਹੈ।ਸੰਤ ਨਿਰੰਕਾਰੀ ਮੰਡਲ ਦੇ ਸਕੱਤਰ ਸਤਿਕਾਰਯੋਗ ਜੋਗਿੰਦਰ ਸੁਖੀਜਾ ਨੇ ਦੱਸਿਆ ਕਿ ਸਾਲ 2015 ਤੋਂ ਸੰਤ ਨਿਰੰਕਾਰੀ ਚੈਰੀਟੇਬਲ ਫਾਊਂਡੇਸ਼ਨ ਦੇਸ਼ ਭਰ ਵਿੱਚ ਨਿਯਮਿਤ ਤੌਰ 'ਤੇ ਯੋਗ ਦਿਵਸ ਦਾ ਆਯੋਜਨ ਕਰ ਰਿਹਾ ਹੈ। ਇਹ ਪਹਿਲ ਸਤਿਗੁਰੂ ਮਾਤਾ ਸੁਦੀਕਸ਼ਾ ਜੀ ਮਹਾਰਾਜ ਦੇ ਆਸ਼ੀਰਵਾਦ ਨਾਲ ਨਿਰੰਤਰ ਫੈਲ ਰਹੀ ਹੈ, ਜਿਨ੍ਹਾਂ ਦਾ ਮਾਰਗਦਰਸ਼ਨ ਸਿਹਤਮੰਦ ਮਨ, ਆਸਾਨ ਜੀਵਨ ਰਿਹਾ ਹੈ। ਉਨ੍ਹਾਂ ਦੇ ਵਿਚਾਰਾਂ ਵਿੱਚ ਇਹ ਸਪੱਸ਼ਟ ਹੈ ਕਿ ਮਨੁੱਖੀ ਸਰੀਰ ਪਰਮਾਤਮਾ ਦਾ ਇੱਕ ਵਿਲੱਖਣ ਤੋਹਫ਼ਾ ਹੈ ਅਤੇ ਇਸ ਨੂੰ ਸਿਹਤਮੰਦ ਅਤੇ ਮਜ਼ਬੂਤ ਬਣਾ ਕੇ ਹੀ ਮਨੁੱਖ ਆਪਣੇ ਅਧਿਆਤਮਿਕ ਅਤੇ ਸਮਾਜਿਕ ਫਰਜ਼ਾਂ ਨੂੰ ਸਹੀ ਢੰਗ ਨਾਲ ਨਿਭਾ ਸਕਦਾ ਹੈ।ਯੋਗ ਭਾਰਤ ਦੇ ਸਭ ਤੋਂ ਪ੍ਰਾਚੀਨ ਵਿਗਿਆਨਾਂ ਵਿੱਚੋਂ ਇੱਕ ਹੈ, ਜੋ ਨਾ ਸਿਰਫ਼ ਸਰੀਰ ਨੂੰ ਮਜ਼ਬੂਤ ਬਣਾਉਂਦਾ ਹੈ, ਸਗੋਂ ਮਨ ਨੂੰ ਸ਼ਾਂਤ ਕਰਨ ਅਤੇ ਆਤਮਾ ਨੂੰ ਜਗਾਉਣ ਦੀ ਸਮਰੱਥਾ ਵੀ ਰੱਖਦਾ ਹੈ। ਇਸਦਾ ਨਿਯਮਿਤ ਅਭਿਆਸ ਕਰਨ ਨਾਲ, ਵਿਅਕਤੀ ਤਣਾਅ, ਅਸੰਤੁਲਨ ਅਤੇ ਬਿਮਾਰੀਆਂ ਨੂੰ ਰੋਕਦੇ ਹੋਏ ਅਧਿਆਤਮਿਕ ਸ਼ਾਂਤੀ ਅਤੇ ਸਮਾਜਿਕ ਸਦਭਾਵਨਾ ਵੱਲ ਵਧਦਾ ਹੈ।ਅੱਜ ਦੀ ਭੱਜ-ਦੌੜ ਵਾਲੀ ਜੀਵਨ ਸ਼ੈਲੀ ਵਿੱਚ, ਅਜਿਹੇ ਸਮਾਗਮਾਂ ਦਾ ਮੂਲ ਉਦੇਸ਼ ਇਹ ਹੈ ਕਿ ਅਸੀਂ ਆਪਣੀ ਸਿਹਤ ਨੂੰ ਸਭ ਤੋਂ ਵੱਧ ਤਰਜੀਹ ਦੇਈਏ ਅਤੇ ਇੱਕ ਖੁਸ਼ਹਾਲ, ਸੰਤੁਲਿਤ ਅਤੇ ਸ਼ਾਂਤੀਪੂਰਨ ਜੀਵਨ ਜਿਊਣ ਵੱਲ ਵਧੀਏ।

ਸੈਂਟਰਲ ਜੇਲ੍ਹ ਵਿਖੇ ਅੰਤਰਰਾਸ਼ਟਰੀ ਯੋਗਾ ਦਿਵਸ ਮਨਾਇਆ

ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)— ਇੱਥੇ ਮਾਈ ਭਾਰਤ ਹੁਸ਼ਿਆਰਪੁਰ ਦੇ ਦਿਸ਼ਾ ਨਿਰਦੇਸ਼ ਅਨੁਸਾਰ ਬਹੁ-ਰੰਗ ਕਲਾਮੰਚ ਹੁਸ਼ਿਆਰਪੁਰ ਵੱਲੋਂ ਸੈਂਟਰਲ ਜੇਲ੍ਹ ਹੁਸ਼ਿਆਰਪੁਰ ਵਿਖੇ ਅੰਤਰਰਾਸ਼ਟਰੀ ਯੋਗਾ ਦਿਵਸ ਮਨਾਇਆ ਗਿਆ। ਇਸ ਮੌਕੇ 'ਤੇ ਅਲਾਇੰਸ ਕਲੱਬ ਦੇ ਐਲੀ ਐਡਵੋਕੇਟ ਐਸ.ਪੀ.ਰਾਣਾ ਅਤੇ ਐਲੀ ਰਮੇਸ਼ ਕੁਮਾਰ, ਜੇਲ੍ਹ ਸੁਪਰਡੈਂਟਹਰਚਰਨ ਸਿੰਘ ਗਿੱਲ ਅਤੇ ਵਧੀਕ ਸੁਪਰਡੈਂਟ ਹਰਭਜਨ ਸਿੰਘ, ਵੈਟਰਨ ਐਥਲੀਟ ਐਸ.ਪੀ.ਸ਼ਰਮਾ ਅਤੇ ਫਿਲਮ ਕਲਾਕਾਰ ਅਸ਼ੋਕ ਪੁਰੀ ਵਿਸ਼ੇਸ਼ ਤੌਰ 'ਤੇ ਪੁੱਜੇ। ਇਸ ਪ੍ਰੋਗਰਾਮ ਦੇ ਸੂਤਰਧਾਰ ਸੁਮੇਸ਼ ਕੁਮਾਰ ਵਰਮਾ ਸਨ। ਅੰਤਰਰਾਸ਼ਟਰੀ ਯੋਗ ਦਿਵਸ ਦੇ ਮੌਕੇ 'ਤੇ 100 ਤੋਂ ਵੱਧ ਬੰਦੀਆਂ ਨਾਲ ਯੋਗ ਆਸਨ ਕਰਨ ਉਪਰੰਤ ਯੋਗ ਦੀ ਮਹੱਤਤਾ ਉਪਰ ਵਿਚਾਰ ਚਰਚਾ ਕੀਤੀ ਗਈ। ਜੇਲ੍ਹ ਸੁਪਰਡੈਂਟ ਹਰਚਰਨ ਸਿੰਘ ਗਿੱਲ ਨੇ ਇਸ ਸਾਲ ਦੇ ਯੋਗਾ ਥੀਮ "ਇਕ ਧਰਤੀ-ਇਕ ਸਿਹਤ" ਉਪਰ ਵਿਚਾਰ ਚਰਚਾ ਕਰਦੇ ਦੱਸਿਆ ਕਿ ਸਿਹਤਮੰਦ ਸਰੀਰ ਵਿੱਚ ਹੀ ਸਿਹਤਮੰਦ ਬੁਧੀ ਵਾਸ ਕਰਦੀ ਹੈ। ਅੱਜ ਦੇ ਚਕਾਚੌਂਧ ਸਮਾਜ ਵਿੱਚ ਮਾਨਸਿਕ ਸੰਤੁਲਨ ਬਣਾਉਣ ਲਈ ਯੋਗਾ ਇਕ ਅਹਿਮ ਸਥਾਨ ਰੱਖਦਾ ਹੈ, ਜਿਸ ਲਈ ਸਾਨੂੰ ਯੋਗਾ ਜੀਵਨ ਸ਼ੈਲੀ ਨਾਲ ਸਾਂਝ ਪਾਉਣੀ ਚਾਹੀਦੀ ਹੈ। ਇਸ ਮੌਕੇ ਤੇ ਡਿਪਟੀ ਸੁਪਰਡੈਂਟ ਹਰਭਜਨ ਸਿੰਘ ਦੱਸਿਆ ਕਿ ਜੇਲ ਵਿੱਚ ਬੰਦੀਆਂ ਨੂੰ ਯੋਗਾ ਟੀਚਰ ਨਕੁਲ ਚੰਦਰ ਵਲੋਂ

ਰੋਜਾਨਾ ਯੋਗਾ ਕਰਵਾਇਆ ਜਾਂਦਾ ਹੈ।ਐਲੀ ਐਡਵੋਕੇਟ ਐਸ.ਪੀ.ਰਾਣਾ ਅਤੇ ਐਲੀ ਰਮੇਸ਼ ਕੁਮਾਰ ਨੇ ਬਹੁ-ਰੰਗ ਕਲਾਮੰਚ ਹੁਸ਼ਿਆਰਪੁਰ ਵਲੋਂ ਜੇਲ ਅੰਦਰ ਲਗਾਈਆਂ ਜਾ ਰਹੀਆਂ ਯੋਗਾ ਕਲਾਸਾ ਵਿਚ ਸਭ ਤੋਂ ਵੱਧੀਆ ਪ੍ਰਦਰਸ਼ਨ ਕਰਨ ਵਾਲੇ ਬੰਦੀਆਂ ਨੂੰ ਸਨਮਾਨਤ ਕੀਤਾ ਗਿਆ। ਇਸ ਮੌਕੇ ਤੇ ਵੈਟਰਨ ਐਥਲੀਟ ਐਸ.ਪੀ.ਸ਼ਰਮਾ ਅਤੇ ਸੁਮੇਸ਼ ਕੁਮਾਰ ਵਰਮਾ ਨੇ ਵੀ ਸੰਬੋਧਨ ਕੀਤਾ। ਸਮਾਗਮ ਦੇ ਅਖੀਰ ਵਿੱਚ ਜੇਲ ਸੁਪਰਡੈਂਟ ਹਰਚਰਨ ਸਿੰਘ ਗਿੱਲ ਅਤੇ ਵਧੀਕ ਸੁਪਰਡੈਂਟ ਹਰਭਜਨ ਸਿੰਘ ਨੂੰ ਦੋਸ਼ਾਲੇ ਦੇ ਕੇ ਸਨਮਾਨਤ ਕੀਤਾ ਗਿਆ। ਕਲਾਕਾਰ ਅਸ਼ੋਕ ਪੁਰੀ ਨੇ ਯੋਗਾ ਜੀਵਨ ਸ਼ੈਲੀ ਅਪਨਾਉਣ ਲਈ ਪ੍ਰੇਰਿਤ ਕੀਤਾ ਅਤੇ ਕਿਹਾ ਕਿ ਯੋਗਾ ਸਾਨੂੰ ਧਰਮ, ਜਾਤ ਅਤੇ ਕੌਮਾ ਤੋਂ ਉਪਰ ਉਠ ਕੇ ਇਕ ਸਿਹਤਮੰਦ ਸੰਸਾਰ ਦੀ ਸਿਰਜਣਾ ਲਈ ਅਪਨਾਉਣਾ ਚਾਹੀਦਾ ਹੈ।

ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਨੇ ਕੋਰਟ ਕੰਪਲੈਕਸ ਵਿਖੇ ਮਨਾਇਆ ਅੰਤਰਰਾਸ਼ਟਰੀ ਯੋਗ ਦਿਵਸ

ਹੁਸ਼ਿਆਰਪੁਰ (ਓ ਪੀ ਰਾਣਾ) ਜ਼ਿਲ੍ਹਾ ਅਤੇ ਸੈਸ਼ਨ ਜੱਜ-ਕਮ-ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਰਜਿੰਦਰ ਅਗਰਵਾਲ ਦੀ ਅਗਵਾਈ ਵਿਚ ਅੰਤਰਰਾਸ਼ਟਰੀ ਯੋਗ ਦਿਵਸ ਜ਼ਿਲ੍ਹਾ ਪੱਧਰ ਦੇ ਨਾਲ-ਨਾਲ ਉਪ ਮੰਡਲਾਂ (ਦਸੂਹਾ, ਮੁਕੇਰੀਆਂ ਅਤੇ ਗੜ੍ਹਸ਼ੰਕਰ) 'ਤੇ ਵੀ ਉਤਸ਼ਾਹ ਨਾਲ ਮਨਾਇਆ ਗਿਆ।ਇਸ ਮੌਕੇ ਸਿਵਲ ਜੱਜ (ਸੀਨੀਅਰ ਡਵੀਜ਼ਨ) ਅਤੇ ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਸੁਰੇਸ਼ ਕੁਮਾਰ ਗੋਇਲ ਨੇ ਮੌਜੂਦ ਮੈਂਬਰਾਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਯੋਗ ਇਕ ਮਾਨਸਿਕ, ਸਰੀਰਕ ਅਤੇ ਅਧਿਆਤਮਕ ਅਨੁਸ਼ਾਸਨ ਹੈ, ਜਿਸ ਦੀ ਉਤਪਤੀ ਭਾਰਤ ਵਿਚ ਹੋਈ ਹੈ। ਇਹ ਸਾਡੇ ਜੀਵਨ ਵਿਚ ਸੰਤੁਲਨ ਨੂੰ ਬਣਾਏ ਰੱਖਣ ਦਾ ਮਾਧਿਅਮ ਹੈ। ਉਨ੍ਹਾਂ ਕਿਹਾ ਕਿ ਸਾਨੂੰ ਰੋਜ਼ਾਨਾ ਯੋਗ ਨੂੰ ਆਪਣੇ ਜੀਵਨ ਵਿਚ ਸ਼ਾਮਲ ਕਰਨਾ ਚਾਹੀਦਾ ਹੈ ਅਤੇ ਨਾਲ ਹੀ ਪਲਾਸਟਿਕ ਦੀ ਵਰਤੋਂ ਨਾ ਕਰਕੇ ਵਾਤਾਵਰਨ ਨੂੰ ਵੀ ਸੁਰੱਖਿਅਤ ਕਰਨਾ ਚਾਹੀਦਾ ਹੈ।ਪ੍ਰੋਗਰਾਮ ਦੌਰਾਨ ਯੋਗ ਟੀਚਰ ਜਿਤਿਨ ਸ਼ਰਮਾ ਨੇ ਯੋਗ ਅਭਿਆਸ

ਕਰਵਾਇਆ। ਉਨ੍ਹਾਂ ਨੇ ਮੌਜੂਦ ਸਾਰੇ ਮੈਂਬਰਾਂ ਨੂੰ ਪ੍ਰਾਣਾਯਾਮ, ਕਪਾਲਭਾਤੀ, ਅਨੁਲੋਮ-ਵਿਲੋਮ, ਧਿਆਨ ਅਤੇ ਸੰਕਲਪ ਯੋਗ ਆਸਣਾਂ ਦਾ ਅਭਿਆਸ ਕਰਵਾਇਆ ਅਤੇ ਦੱਸਿਆ ਕਿ ਨਿਯਮਿਤ ਯੋਗਾ ਤਣਾਅ ਨੂੰ ਘੱਟ ਕਰਨ ਅਤੇ ਸਰੀਰ ਨੂੰ ਤੰਦਰੁਸਤ ਰੱਖਣ ਵਿਚ ਮਦਦ ਕਰਦਾ ਹੈ।ਇਸ ਮੌਕੇ ਵਧੀਕ ਜ਼ਿਲ੍ਹਾ ਤੇ ਸੈਸ਼ਨ ਜੱਜ ਅਮਿਤ ਕੁਮਾਰ ਗਰਗ, ਵਧੀਕ ਜ਼ਿਲ੍ਹਾ ਤੇ ਸੈਸ਼ਨ ਜੱਜ ਰਾਜਪਾਲ ਰਾਵਲ, ਸੀਨੀਅਰ ਜੱਜ (ਜੂਨੀਅਰ ਡਵੀਜ਼ਨ) ਜਸਵਿੰਦਰ ਪਾਲ ਤੋਂ ਇਲਾਵਾ ਬਾਰ ਐਸੋਸੀਏਸ਼ਨ ਦੇ ਪ੍ਰਧਾਨ ਪੀ.ਐਸ ਘੁੰਮਣ, ਚੀਫ਼ ਲੀਗਲ ਏਡ ਡਿਫੈਂਸ ਕਾਉਂਸਲ ਵਿਸ਼ਾਲ ਕੁਮਾਰ ਨੰਦਾ, ਪੈਨਲ ਐਡਵੋਕੇਟ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਅਧਿਕਾਰੀ, ਕਰਮਚਾਰੀ, ਡਿਊਟੀ 'ਤੇ ਨਿਯੁਕਤ ਨਿਆਇਕ ਸਟਾਫ਼ ਅਤੇ ਵਕੀਲ ਮੌਜੂਦ ਸਨ।ਇਸ ਦੇ ਨਾਲ ਹੀ ਦਸੂਹਾ, ਮੁਕੇਰੀਆਂ ਅਤੇ ਗੜ੍ਹਸ਼ੰਕਰ ਵਿਚ ਵੀ ਸਬੰਧਤ ਡਿਊਟੀ 'ਤੇ ਤਾਇਨਾਤ ਜੱਜਾਂ, ਸਟਾਫ਼ ਅਤੇ ਵਕੀਲਾਂ ਵੱਲੋਂ ਯੋਗ ਦਿਵਸ ਮਨਾਇਆ ਗਿਆ ਅਤੇ ਸਿਹਤ ਲਾਭ ਪ੍ਰਾਪਤ ਕੀਤੇ ਗਏ। ਪ੍ਰੋਗਰਾਮ ਦੌਰਾਨ ਜੱਜ ਸਾਹਿਬਾਨ ਵੱਲੋਂ ਵਾਤਾਵਰਨ ਦੀ ਸਾਂਭ-ਸੰਭਾਲ ਦੇ ਉਦੇਸ਼ ਨਾਲ ਪੌਦੇ ਵੀ ਵੰਡੇ ਗਏ।

ਖੇਤੀ ਨੂੰ ਮਜ਼ਬੂਤ ਬਣਾਉਣ ਲਈ ਨਵੀਆਂ ਖੋਜਾਂ ਕਰਨੀਆਂ ਬੇਹੱਦ ਅਹਿਮ : ਬਰਸਟ

ਮੋਹਾਲੀ (ਗੁਰਜੀਤ ਬਿੱਲਾ)- ਹਰਚੰਦ ਸਿੰਘ ਬਰਸਟ ਚੇਅਰਮੈਨ ਪੰਜਾਬ ਮੰਡੀ ਬੋਰਡ ਵੱਲੋਂ ਫੂਡ ਲੋਸ ਐਂਡ ਵੇਸਟ ਇਨ ਫਰੂਟ ਐਂਡ ਵੈਜੀਟੇਬਲ ਹੋਲਸੇਲ ਮਾਰਕੀਟ ਵਿਸ਼ੇ 'ਤੇ ਕਰਨਾਟਕ ਵਿਖੇ ਆਯੋਜਿਤ ਨੈਸ਼ਨਲ ਕਾਨਫਰੰਸ ਦੇ ਦੂਜੇ ਦਿਨ ਵੱਖ-ਵੱਖ ਖੋਜ ਕੇਂਦਰਾਂ ਦਾ ਦੌਰਾ ਕੀਤਾ ਗਿਆ। ਇਸ ਦੌਰਾਨ ਬਰਸਟ ਵੱਲੋਂ ਸੀਨੀਅਰ ਸਾਇੰਟਿਸਟਾਂ ਨਾਲ ਵਿਚਾਰ ਵਟਾਂਦਰਾ ਕੀਤਾ ਗਿਆ ਅਤੇ ਫਸਲਾਂ ਸਬੰਧੀ ਕੀਤੀ ਜਾ ਰਹੀ ਖੋਜ ਬਾਰੇ ਜਾਣਕਾਰੀ ਪ੍ਰਾਪਤ ਕੀਤੀ ਗਈ।ਨੈਸ਼ਨਲ ਕਾਨਫਰੰਸ ਦੇ ਪਹਿਲੇ ਦਿਨ ਜਿੱਥੇ ਫਲ ਅਤੇ ਸਬਜ਼ੀਆਂ ਦੇ ਨੁਕਸਾਨ ਅਤੇ ਬਰਬਾਦੀ ਨੂੰ ਰੋਕਣ ਸਬੰਧੀ ਵਿਚਾਰ-ਵਟਾਂਦਰਾ ਕੀਤਾ ਗਿਆ, ਉੱਥੇ ਹੀ ਦੂਜੇ ਦਿਨ ਸੈਂਟਰਲ ਹੋਰਟੀਕਲਚਰਲ ਐਕਸਪੈਰੀਮੈਂਟ ਸਟੇਸ਼ਨ, ਚੇਤੱਲੀ ਅਤੇ ਇੰਡੀਅਨ ਇੰਸਟੀਚਿਊਟ ਆਫ ਸਪਾਇਸਿਸ ਰਿਸਰਚ ਦਾ ਦੌਰਾ ਕੀਤਾ ਗਿਆ। ਇਸ ਦੌਰਾਨ ਸੀਨੀਅਰ ਸਾਇੰਟਿਸਟਾਂ ਵੱਲੋਂ ਇੰਸਟੀਚਿਊਟ ਵਿੱਚ ਕੀਤੀ ਜਾ ਰਹੀ ਖੋਜ ਅਤੇ ਵਿਕਸਤ ਨਵੀਆਂ ਕਿਸਮਾਂ ਬਾਰੇ ਜਾਣੂ ਕਰਵਾਇਆ ਗਿਆ। ਸੈਂਟਰਲ ਹੋਰਟੀਕਲਚਰਲ ਐਕਸਪੈਰੀਮੈਂਟ ਸਟੇਸ਼ਨ ਵੱਲੋਂ ਫਲਾਂ ਦੀਆਂ ਕਈ ਕਿਸਮਾਂ ਵਿਕਸਤ ਕੀਤੀਆਂ ਗਈਆਂ ਹਨ, ਜਿਨ੍ਹਾਂ ਦੀ ਨਿਊਟਰੀਸ਼

23-JUNE-PAGE-10.qxd 6/22/2025 9:07 PM Page 1

ਵੱਖ-ਵੱਖ ਥਾਵਾਂ 'ਤੇ ਮਨਾਇਆ ਅੰਤਰਰਾਸ਼ਟਰੀ ਯੋਗਾ ਦਿਵਸ

ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ) : ਕਾਨੂੰਨੀ

ਸੇਵਾਵਾਂ ਅਥਾਰਟੀ ਪੰਜਾਬ ਦੇ ਸਹਿਯੋਗ ਨਾਲ ਜੁਡੀਸ਼ੀਅਲ ਕੋਰਟ ਕੰਪਲੈਕਸ ਵਿਖੇ ਐਡੀਸ਼ਨਲ ਸਿਵਲ ਜੱਜ ਸੀਨੀਅਰ ਸਮਾਣਾ ਸ੍ਰੀ ਮਨਦੀਪ ਸਿੰਘ ਦੀ ਅਗਵਾਈ ਹੇਠ ਯੋਗਾ ਕੈਂਪ ਲਗਾਇਆ ਗਿਆ, ਜਿਸ ਵਿੱਚ ਯੋਗ ਅਚਾਰੀਆ ਰਜਿੰਦਰ ਕੁਮਾਰ ਨੇ ਯੋਗਾ ਕਰਵਾਇਆ ਤੇ ਯੋਗਾ ਨਾਲ ਹੋਣ ਵਾਲੇ ਫਾਇਦਿਆਂ ਸਬੰਧੀ ਚਾਨਣਾ ਪਾਇਆ।ਇਸ ਮੌਕੇ ਬਾਰ ਐਸੋਸੀਏਸ਼ਨ ਸਮਾਣਾ ਦੇ ਪ੍ਰਧਾਨ ਨਵਦੀਪ ਸਿੰਘ ਢਿੱਲੋਂ, ਮੀਤ ਪ੍ਰਧਾਨ ਸੰਦੀਪ ਜਿੰਦਲ, ਸੈਕਟਰੀ ਕਸ਼ਮੀਰ ਸਿੰਘ ਚੁੰਬਰ, ਸਾਬਕਾ ਪ੍ਰਧਾਨ ਬਾਰ ਐਸੋਸੀਏਸ਼ਨ ਸਮਾਣਾ ਕਰਮਜੀਤ ਸਿੰਘ ਰੰਧਾਵਾ, ਸਾਬਕਾ ਸੈਕਟਰੀ ਹਰਮਨਦੀਪ ਸਿੰਘ ਸਿੱਧੂ, ਹਰਤੇਜ ਸਿੰਘ ਸੰਧੂ, ਸੁਭਾਸ਼ ਠਾਕੁਰ, ਮੋਨਿਕਾ ਪਹੂਜਾ ਤੋਂ ਇਲਾਵਾ ਬਹੁਤ ਸਾਰੇ ਵਕੀਲਾਂ ਤੇ ਅਦਾਲਤੀ ਸਟਾਫ ਨੇ ਵੀ ਸ਼ਮੂਲੀਅਤ ਕੀਤੀ। ਯੋਗਾ ਕੈਂਪ ਦੀ ਸਮਾਪਤੀ ਉਪਰੰਤ ਛਾਂਦਾਰ ਤੇ ਫਲਦਾਰ ਬੂਟੇ ਲਗਾਏ ਗਏ।

ਇਸੇ ਤਰ੍ਹਾਂ ਤਹਿਸੀਲ ਨੇੜਲੇ ਪਾਰਕ ਵਿਖੇ ਕਲੀਨ ਐਂਡ ਗਰੀਨ ਪਾਰਕ ਕਲੱਬ ਦੇ ਪ੍ਰਧਾਨ ਐਡਵੋਕੇਟ ਰਾਜ ਕੁਮਾਰ ਭਾਨ ਦੀ ਅਗਵਾਈ ਹੇਠ ਜੋਗਾ ਕੈਂਪ ਲਾਇਆ ਗਿਆ, ਜਿਸ ਵਿੱਚ ਸ਼ਹਿਰ ਵਾਸੀਆਂ ਨੇ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ। ਇਸ ਮੌਕੇ ਇੰਸਟਰਕਟਰ ਅਮਰੀਕ ਸਿੰਘ, ਸੋਨੀਆ ਸੋਢੀ ਨੇ ਜੋਗਾ ਸਬੰਧੀ ਜਾਣਕਾਰੀ ਦਿੱਤੀ।

ਇਸੇ ਤਰ੍ਹਾਂ ਸੀ ਐੱਮ ਯੋਗਸ਼ਾਲਾ ਦੇ ਇੰਸਟਰਕਟਰ ਪਰਮਜੀਤ ਸਿੰਘ ਵੱਲੋਂ ਅਗਰਵਾਲ ਗਊਸ਼ਾਲਾ ਵਿਖੇ ਯੋਗਾ ਕੈਂਪ ਲਗਾਇਆ ਗਿਆ, ਜਿਸ ਵਿੱਚ ਵੱਡੀ ਗਿਣਤੀ ਵਿੱਚ ਸ਼ਹਿਰ ਵਾਸੀਆਂ ਨੇ ਸ਼ਮੂਲੀਅਤ ਕੀਤੀ ਤੇ ਯੋਗਾ ਕੀਤਾ। ਇਸ ਕੈਂਪ ਵਿੱਚ ਸ਼ਾਮਲ ਹੋਣ ਵਾਲਿਆਂ ਨੂੰ ਅਗਰਵਾਲ ਗਊਸ਼ਾਲਾ ਦੇ ਪ੍ਰਧਾਨ ਸੀ ਏ ਅਮਿਤ ਨੇ ਜੀ ਆਇਆਂ ਆਖਿਆ ਤੇ ਕਿਹਾ ਕਿ ਗਊਸ਼ਾਲਾ ਵਿੱਚ ਹਰ ਰੋਜ਼ ਯੋਗਾ ਦੀ ਮੁਫਤ ਕਲਾਸ ਲੱਗਦੀ ਹੈ ਇਸ ਦਾ ਤੁਸੀਂ ਲਾਭ ਪ੍ਰਾਪਤ ਕਰ ਸਕਦੇ ਹੋ।

ਇਸੇ ਤਰ੍ਹਾਂ ਅਗਰਵਾਲ ਗਊਸ਼ਾਲਾ ਤੇ ਸਕੂਲ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਡਾਕਟਰ ਮਦਨ ਮਿੱਤਲ ਦੀ ਅਗਵਾਈ ਵਿੱਚ ਅਗਰਸੈਨ ਇੰਟਰਨੈਸ਼ਨਲ ਪਬਲਿਕ ਸਕੂਲ ਵਿਖੇ ਯੋਗਾ ਕੈਂਪ ਲਗਾਇਆ ਗਿਆ, ਜਿਸ ਵਿੱਚ ਸਕੂਲੀ ਅਧਿਆਪਕ ਤੇ ਬੱਚਿਆਂ ਨੇ ਸ਼ਮੂਲੀਅਤ ਕੀਤੀ। ਇਸ ਯੋਗ ਕੈਂਪ ਨੂੰ ਸਕੂਲ ਦੇ ਪ੍ਰਿੰਸੀਪਲ ਅਨੀਰੁਧ ਗਰਗ ਤੇ ਪ੍ਰਧਾਨ ਡਾਕਟਰ ਮਦਨ ਮਿੱਤਲ ਨੇ ਬੱਚਿਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਉਹ ਹਰ ਰੋਜ਼ ਘਰ ਵਿੱਚ ਵੀ ਯੋਗਾ ਕਰਿਆ ਕਰਨ ਤਾਂ ਜੋ ਉਨ੍ਹਾਂ ਦੇ ਸਰੀਰ ਨੂੰ ਨਿਰੋਗ ਤੇ ਤੰਦਰੁਸਤ ਰਹਿਣ ਤੇ ਜੀਵਨ ਖੁਸ਼ਹਾਲ ਹੋਵੇ।

ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ) : ਐੱਨਐੱਸਐੱਸ ਤੇ ਐੱਨਸੀਸੀ

ਯੂਨਿਟ ਸਰਕਾਰੀ ਮਾਡਲ ਸੀਨੀਅਰ ਸੈਕੰਡਰੀ ਸਕੂਲ ਚੁਨਾਗਰਾ ਵੱਲੋਂ ਪ੍ਰਿੰਸੀਪਲ ਹਰੀਸ਼ ਕੁਮਾਰ ਦੀ ਅਗਵਾਈ ਵਿੱਚ ਅੰਤਰਰਾਸ਼ਟਰੀ ਯੋਗ ਦਿਵਸ ਮੌਕੇ 'ਯੋਗ : ਇੱਕ ਧਰਤੀ ਇੱਕ ਸਿਹਤ' ਮੁਹਿੰਮ ਤਹਿਤ ਯੋਗ ਕੈਂਪ ਲਗਾਇਆ ਗਿਆ।ਇਸ ਮੌਕੇ ਸਮੂਹ ਸਟਾਫ਼ ਤੇ ਵਲੰਟੀਅਰਾਂ ਦੁਆਰਾ ਪੂਰੇ ਉਤਸ਼ਾਹ ਨਾਲ ਇਸ ਮੁਹਿੰਮ ਵਿੱਚ ਭਾਗ ਲੈਂਦੇ ਹੋਏ ਵੱਖ-ਵੱਖ ਯੋਗ ਆਸਣਾਂ ਦਾ ਅਭਿਆਸ ਕੀਤਾ ਗਿਆ ਤੇ ਚੰਗੀ ਸਿਹਤ ਤੇ ਵਾਤਾਵਰਣ ਬਚਾਉਣ ਦਾ ਹੋਕਾ ਦਿੱਤਾ ਗਿਆ।ਪ੍ਰੋਗਰਾਮ ਅਫ਼ਸਰ ਸ੍ਰੀ ਲਵਕੇਸ਼ ਕੁਮਾਰ ਵੱਲੋਂ ਕੈਂਪ ਨੂੰ ਸਫਲ ਬਣਾਉਣ ਲਈ ਸਹਿਯੋਗ ਕਰਨ ਵਾਸਤੇ ਧੰਨਵਾਦ ਕੀਤਾ ਗਿਆ।

ਲੁਧਿਆਣਾ (ਰੈਕਟਰ ਕਥੂਰੀਆ) : ਐੱਨ ਐੱਸ ਐੱਸ ਵਿੰਗ ਨੇ ਬੀ.ਸੀ.ਐੱਮ. ਕਾਲਜ ਦੇ ਸਿਹਤ ਤੇ ਸਰੀਰਕ ਸਿੱਖਿਆ ਵਿਭਾਗ ਦੇ ਸਹਿਯੋਗ ਨਾਲ, ਵਿਦਿਆਰਥੀ ਅਧਿਆਪਕਾਂ ਨੂੰ ਯੋਗ ਦੇ ਸਰੀਰਕ, ਮਾਨਸਿਕ ਤੇ ਅਧਿਆਤਮਕ ਲਾਭਾਂ ਬਾਰੇ ਸੰਵੇਦਨਸ਼ੀਲ ਬਣਾਉਣ ਲਈ 'ਇੱਕ ਧਰਤੀ, ਇੱਕ ਸਿਹਤ ਲਈ ਯੋਗ' ਥੀਮ 'ਤੇ ਅੰਤਰਰਾਸ਼ਟਰੀ ਯੋਗ

ਦਿਵਸ ਮਨਾਇਆ।ਇਸ ਮੌਕੇ ਜੋਸ਼ੀਲੇ ਬੀਸੀਮਾਈਟਸ ਨੇ 21 ਜੂਨ, 2025 ਨੂੰ ਰੱਖ ਬਾਗ ਵਿਖੇ ਪਤੰਜਲੀ ਯੋਗ ਸਮਿਤੀ ਦੁਆਰਾ ਆਯੋਜਤ 2 ਘੰਟੇ ਦੇ ਯੋਗਾ ਸੈਸ਼ਨ ਵਿੱਚ ਸੂਰਜ ਨਮਸਕਾਰ, ਤਾਡਾਸਨ, ਵ੍ਰਿਕਸ਼ਾਸਨ, ਤ੍ਰਿਕੋਣਾਸਨ, ਭੁਜੰਗਾਸਨ, ਭਰਮਾਰੀ ਪ੍ਰਾਣਾਯਾਮ, ਉਜਯੀ ਪ੍ਰਾਣਾਯਾਮ, ਅਨੁਲੋਮ ਵਿਲੋਮ, ਮੱਕੜ ਆਸਣ ਤੇ ਹਾਸੇ ਯੋਗਾ ਆਦਿ ਵਰਗੇ ਵੱਖ-ਵੱਖ ਯੋਗਾ ਆਸਣ ਕੀਤੇ।ਸਰੀਰਕ ਸਿੱਖਿਆ ਵਿੱਚ ਸਹਾਇਕ ਪ੍ਰੋਫੈਸਰ ਸ੍ਰੀਮਤੀ ਪਰਵਿੰਦਰਪਾਲ ਕੌਰ ਵਿਦਿਆਰਥੀਆਂ ਦੇ ਨਾਲ ਸਨ ਤੇ ਪੂਰੇ ਪ੍ਰੋਗਰਾਮ ਦਾ ਤਾਲਮੇਲ ਕੀਤਾ।

ਜਗਰਾਓਂ (ਅਮਿਤ ਖੰਨਾ) : ਅਖਿਲ ਭਾਰਤੀਯ ਤੇਰਾਪੰਥ ਯੁਵਕ

ਪ੍ਰੀਸ਼ਦ ਦੇ ਨਿਰਦੇਸ਼ਾਂ ਅਨੁਸਾਰ ਤੇਰਾਪੰਥ ਯੁਵਕ ਪ੍ਰੀਸ਼ਦ ਜਗਰਾਉਂ ਨੇ ਐੱਲ. ਆਰ. ਡੀ.ਏ.ਵੀ. ਕਾਲਜ ਜਗਰਾਉਂ ਵਿਖੇ ਅੰਤਰਰਾਸ਼ਟਰੀ ਯੋਗ ਦਿਵਸ ਮਨਾਇਆ, ਜਿੱਥੇ ਪਿਛਲੇ ਕਈ ਸਾਲਾਂ ਤੋਂ ਦਿਵਯ ਯੋਗਸ਼ਾਲਾ ਦੇ ਸ਼੍ਰੀ ਸ਼ਸ਼ੀ ਭੂਸ਼ਣ ਜੈਨ, ਜਗਦੀਸ਼ ਓਹਰੀ ਤੇ ਸੂਰਿਆਕਾਂਤ ਯੋਗੀ ਦੁਆਰਾ ਯੋਗ ਸਿਖਲਾਈ ਦਿੱਤੀ ਜਾ ਰਹੀ ਹੈ।ਇਸ ਪ੍ਰੋਗਰਾਮ ਵਿੱਚ ਲਗਭਗ 200 ਭਰਾਵਾਂ ਤੇ ਭੈਣਾਂ ਨੇ ਹਿੱਸਾ ਲਿਆ।ਸਾਰੇ ਭਾਗੀਦਾਰਾਂ ਦਾ ਡਾਇਰੈਕਟਰ ਵਿਸ਼ਾਲ ਜੈਨ ਪਾਟਨੀ ਤੇ ਸਭਾ-ਪ੍ਰਧਾਨ ਪ੍ਰਵੀਨ ਜੈਨ ਦੁਆਰਾ ਸਵਾਗਤ ਕੀਤਾ ਗਿਆ।ਸ਼੍ਰੀ ਜੈਨ ਸ਼ਵੇਤਾਂਬਰ ਤੇਰਾਪੰਥ ਸਭਾ, ਅਨੁਵ੍ਰਤ ਸਮਿਤੀ, ਸੀਨੀਅਰ ਸਿਟੀਜ਼ਨ ਵੈੱਲਫੇਅਰ ਫੋਰਮ ਨੇ ਯੋਗ ਦਿਵਸ ਨੂੰ ਸਫਲ ਬਣਾਉਣ ਵਿੱਚ ਸਹਿਯੋਗ ਦਿੱਤਾ।ਨਾਇਬ ਤਹਿਸੀਲਦਾਰ ਪੁਸ਼ਪਿੰਦਰ ਸਿੰਘ ਨੇ ਵੀ ਪ੍ਰੋਗਰਾਮ ਵਿੱਚ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ।ਉਨ੍ਹਾਂ ਨੂੰ ਤੇਰਾਪੰਥ ਯੁਵਕ ਪ੍ਰੀਸ਼ਦ ਦੇ ਪ੍ਰਧਾਨ ਵੈਭਵ ਜੈਨ, ਰਾਕੇਸ਼ ਬਾਂਸਲ, ਕਮਲ ਜੈਨ, ਗੌਰਵ ਜੈਨ, ਅਰਿਹੰਤ ਜੈਨ, ਮੋਹਿਤ ਜੈਨ, ਵਿਕਾਸ ਜੈਨ, ਮੁਨੀਸ਼ ਜੈਨ ਅਤੇ ਨਵੀਨ ਜੈਨ ਨੇ ਸਨਮਾਨਤ ਕੀਤਾ।ਕਾਲਜ ਪ੍ਰਿੰਸੀਪਲ ਡਾ: ਅਨੁਜ ਸ਼ਰਮਾ ਨੇ ਆਏ ਹੋਏ ਸਾਰੇ ਮਹਿਮਾਨਾਂ ਦਾ ਧੰਨਵਾਦ ਕੀਤਾ।

ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ) :

ਇੰਟਰਨੈਸ਼ਨਲ ਯੋਗ ਦਿਵਸ ਸੀ ਐੱਮ ਦੀ ਯੋਗਸ਼ਾਲਾ ਪ੍ਰੋਜੈਕਟ ਪੰਜਾਬ ਸਰਕਾਰ ਦੇ ਅਧੀਨ ਸਮਾਣਾ ਸ਼ਹਿਰ ਦੇ ਸਾਰੇ ਹੀ ਲੋਕਾਂ ਵੱਲੋਂ ਅਗਰਵਾਲ ਗਊਸ਼ਾਲਾ ਪਾਰਕ ਸਮਾਣਾ ਵਿਖੇ ਮਨਾਇਆ ਗਿਆ, ਜਿਸ ਵਿੱਚ ਸਮਾਣਾ ਸ਼ਹਿਰ ਵਾਸੀਆਂ ਨੇ ਵੱਧ ਚੜ੍ਹ ਕੇ ਹਿੱਸਾ ਲਿਆ। ਇਸ ਯੋਗ ਕੈਂਪ ਵਿੱਚ ਅਗਰਵਾਲ ਗਊਸ਼ਾਲਾ ਪਾਰਕ ਦੇ ਪ੍ਰਧਾਨ ਅਮਿਤ ਸਿੰਗਲਾ ਇੰਜੀਨੀਅਰ ਡਾਕਟਰ ਧਰਮਵੀਰ ਸਿੰਘ ਜੀ, ਏ ਐੱਸ ਆਈ ਬਲਵੀਰ ਸਿੰਘ, ਸੀ ਐੱਮ ਦੀ ਯੋਗਸ਼ਾਲਾ ਸਮਾਣਾ ਸ਼ਹਿਰ ਵਿਖੇ ਕੰਮ ਕਰ ਰਹੇ ਟ੍ਰੇਨਰ (ਜ਼ਿਲ੍ਹਾ ਕੋਆਰਡੀਨੇਟਰ ਰਜਿੰਦਰ ਸਿੰਘ ਅਧੀਨ) ਪਰਮਜੀਤ ਸਿੰਘ, ਗੁਰਪ੍ਰੀਤ ਸਿੰਘ ਤੇ ਅੰਡਰ ਡਿਪਲੋਮਾ ਧਰਮਿੰਦਰ ਸਿੰਘ, ਦਿਲਪ੍ਰੀਤ ਸਿੰਘ ਗੁਰਪ੍ਰੀਤ ਸਿੰਘ ਮੁੰਨਾ ਸਿੰਘ, ਆਯੁਰਵੇਦ ਡਿਸਪੈਂਸਰੀ ਸੁਰੀਤਾ ਰਾਣੀ, ਮਾਨਾ ਰਾਮ, ਜਸਵਿੰਦਰ ਕੌਰ, ਮਨਜੀਤ ਕੌਰ, ਰੈਨੂੰ ਬਾਲਾ, ਕ੍ਰਿਸ਼ਨ ਕੁਮਾਰ ਵੱਲੋਂ ਬਹੁਤ ਹੀ ਵਧੀਆ ਤਰੀਕੇ ਨਾਲ ਲੋਕਾਂ ਨੂੰ ਯੋਗ ਕਰਵਾਇਆ ਗਿਆ। ਸ਼ਹਿਰ ਵਾਸੀਆਂ ਵੱਲੋਂ ਸਾਰੇ ਲੋਕਾਂ ਨੂੰ ਬੁਕਸ ਵੀ ਵੰਡੀਆਂ ਗਈਆਂ। ਇਸ ਤੋਂ ਇਲਾਵਾ ਫਲ, ਸੈਂਡਵਿੱਚ, ਪਾਣੀ ਦੀਆਂ ਬੋਤਲਾਂ ਵੀ ਵੰਡੀਆਂ ਗਈਆਂ।

ਜਗਰਾਓਂ (ਅਮਿਤ ਖੰਨਾ) : ਸਨਮਤੀ ਵਿਮਲ ਜੈਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਜਗਰਾਓਂ ਵਿਖੇ ਪ੍ਰਿੰਸੀਪਲ ਸੁਪ੍ਰਿਆ ਖੁਰਾਣਾ ਦੀ ਅਗਵਾਈ ਹੇਠ ਯੋਗਾ ਦਿਵਸ ਮਨਾਇਆ ਗਿਆ। ਯੋਗਾ ਦਿਵਸ ਮੌਕੇ ਮੌਜੂਦ ਅਧਿਆਪਕ ਤੇ ਵਿਦਿਆਰਥੀਆਂ ਨੂੰ ਯੋਗਾ ਕਰਵਾਇਆ ਗਿਆ। ਇਸ ਮੌਕੇ ਪ੍ਰਿੰਸੀਪਲ ਖੁਰਾਣਾ ਨੇ ਯੋਗ ਦਿਵਸ ਸੰਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਅੱਜ ਦੇ ਰੁਝੇਵੇਂ ਭਰੀ ਜ਼ਿੰਦਗੀ 'ਚ ਇਨਸਾਨ ਕੋਲੇ ਆਪਣੇ ਲਈ ਬਿਲਕੁਲ ਵੀ ਵਕਤ ਨਹੀਂ ਹੈ, ਉਹ ਆਪਣੀਆਂ ਲੋੜਾਂ ਪੂਰੀਆਂ ਕਰਨ ਲਈ ਰਾਤ ਦਿਨ ਕੰਮ ਵਿੱਚ ਲੱਗਾ ਰਹਿੰਦਾ ਹੈ। ਉਹ ਮਾਨਸਿਕ ਤਣਾਵ ਤੇ ਕਈ ਤਰ੍ਹਾਂ ਦੀਆਂ ਸਰੀਰਕ ਬਿਮਾਰੀਆਂ ਦਾ

ਸ਼ਿਕਾਰ ਹੋ ਜਾਂਦਾ ਹੈ। ਇਨਸਾਨ ਨੂੰ ਆਪਣੇ ਨਿੱਜੀ ਕੰਮਾਂ ਕਾਰਾਂ ਤੋਂ ਕੁਝ ਸਮਾਂ ਕੱਢ ਕੇ ਆਪਣੀ ਸਿਹਤ ਵੱਲ ਧਿਆਨ ਦੇਣਾ ਚਾਹੀਦਾ ਹੈ।ਸਾਨੂੰ ਕਸਰਤ ਕਰਦੇ ਰਹਿਣਾ ਚਾਹੀਦਾ ਹੈ, ਕਿਉਂਕਿ ਯੋਗ ਅਜਿਹਾ ਮੰਤਰ ਹੈ, ਜਿਸ ਨਾਲ ਇਨਸਾਨ ਸਰੀਰਕ ਤੌਰ 'ਤੇ ਰਿਸ਼ਟ ਪੁਸ਼ਟ ਰਹਿੰਦਾ ਹੈ। ਇਸ ਮੌਕੇ ਸਨੀ ਪਾਸੀ, ਸਰਬਜੀਤ ਸਿੰਘ ਧਾਲੀਵਾਲ, ਵਿਨੋਦ ਕੁਮਾਰ, ਮਨੀਸ਼ ਕੁਮਾਰ, ਮਨੋਜ ਚੱਢਾ, ਕੁਲਵਿੰਦਰ ਕੌਰ ਡੀ.ਪੀ, ਅੰਜੂ ਕੌਸ਼ਲ, ਸਰਿਤਾ ਅੱਗਰਵਾਲ, ਰਿਸ਼ੂ ਬਾਂਸਲ, ਅਨੂ ਸ਼ਰਮਾ, ਪਲਕ ਸ਼ਰਮਾ, ਆਂਚਲ ਰਾਣੀ, ਨੀਰੂ ਸੋਨੀ, ਕੁਲਵਿੰਦਰ ਕੌਰ, ਬੇਅੰਤ ਸਿੰਘ ਆਦਿ ਹਾਜ਼ਰ ਸਨ।

ਸੁਨਾਮ ਊਧਮ ਸਿੰਘ ਵਾਲਾ (ਅਸ਼ੋਕ ਬਾਂਸਲ, ਹਾਕਮ ਭੱਟੀ) : ਸਟੀਫਨ

ਇੰਟਰਨੈਸ਼ਨਲ ਸਕੂਲ ਨੇ ਅੰਤਰਰਾਸ਼ਟਰੀ ਯੋਗ ਦਿਵਸ ਬੜੇ ਉਤਸ਼ਾਹ ਤੇ ਊਰਜਾ ਨਾਲ ਮਨਾਇਆ।ਸਕੂਲ ਦੇ ਸਰੀਰਕ ਸਿੱਖਿਆ ਵਿਭਾਗ ਵੱਲੋਂ ਆਯੋਜਤ ਇਸ ਪ੍ਰੋਗਰਾਮ ਦਾ ਉਦੇਸ਼ ਵਿਦਿਆਰਥੀਆਂ, ਅਧਿਆਪਕਾਂ ਤੇ ਸਟਾਫ ਵਿੱਚ ਯੋਗ ਦੇ ਲਾਭਾਂ ਨੂੰ ਉਤਸ਼ਾਹਤ ਕਰਨਾ ਸੀ।ਜਸ਼ਨ ਦੀ ਸ਼ੁਰੂਆਤ ਸਮੂਹਕ ਯੋਗਾ ਪ੍ਰਦਰਸ਼ਨ ਨਾਲ ਹੋਈ, ਜਿੱਥੇ ਵੱਖ-ਵੱਖ ਗ੍ਰੇਡਾਂ ਦੇ ਵਿਦਿਆਰਥੀਆਂ ਨੇ ਵੱਖ-ਵੱਖ ਯੋਗ ਆਸਣ (ਮੁਦਰਾ) ਤੇ ਪ੍ਰਾਣਾਯਾਮ (ਸਾਹ ਲੈਣ ਦੀਆਂ ਕਸਰਤਾਂ) ਇਕੱਠੇ ਹੋ ਕੇ ਪੇਸ਼ ਕੀਤੀਆਂ।ਇਸ ਪ੍ਰੋਗਰਾਮ ਦੀ ਅਗਵਾਈ ਯੋਗਾ ਇੰਸਟ੍ਰਕਟਰ ਜਸਪ੍ਰੀਤ ਨੇ ਕੀਤੀ, ਜਿਨ੍ਹਾਂ ਨੇ ਵੱਖ-ਵੱਖ ਯੋਗਾ ਰੁਟੀਨਾਂ ਰਾਹੀਂ ਭਾਗੀਦਾਰਾਂ ਦਾ ਮਾਰਗ ਦਰਸ਼ਨ ਕੀਤਾ।ਇਸ ਪ੍ਰੋਗਰਾਮ ਵਿੱਚ ਇੱਕ ਯੋਗਾ ਮੁਕਾਬਲਾ ਵੀ ਸ਼ਾਮਲ ਸੀ, ਜਿੱਥੇ ਵਿਦਿਆਰਥੀਆਂ ਨੇ ਆਪਣੇ ਯੋਗਾ ਹੁਨਰ ਦਾ ਪ੍ਰਦਰਸ਼ਨ ਕੀਤਾ ਤੇ ਇਨਾਮਾਂ ਲਈ ਮੁਕਾਬਲਾ ਕੀਤਾ।ਸਕੂਲ ਦੇ ਯੋਗਾ ਕਲੱਬ ਨੇ ਮਾਨਸਿਕ ਸਿਹਤ ਲਈ ਯੋਗ ਦੇ ਲਾਭਾਂ ਬਾਰੇ ਇੱਕ ਵਰਕਸ਼ਾਪ ਵੀ ਲਗਾਈ, ਜਿਸ ਵਿੱਚ ਵਿਦਿਆਰਥੀਆਂ, ਅਧਿਆਪਕਾਂ ਤੇ ਮਾਪਿਆਂ ਨੇ ਹਿੱਸਾ ਲਿਆ।

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪੂਜਾ) : ਆਰੀਅਨਜ਼ ਗਰੁੱਪ

ਆਫ਼ ਕਾਲਜਿਜ਼ ਰਾਜਪੁਰਾ ਨੇੜੇ ਚੰਡੀਗੜ੍ਹ ਨੇ 21 ਜੂਨ ਨੂੰ ਇੱਕ ਯੋਗਾ ਵਰਕਸ਼ਾਪ ਦੇ ਨਾਲ ਅੰਤਰਰਾਸ਼ਟਰੀ ਯੋਗਾ ਦਿਵਸ ਮਨਾਇਆ। ਇਹ ਪ੍ਰੋਗਰਾਮ 2025 ਦੇ ਥੀਮ 'ਇੱਕ ਧਰਤੀ, ਇੱਕ ਸਿਹਤ ਲਈ ਯੋਗਾ' ਦੇ ਨਾਲ ਜੁੜਿਆ ਹੋਇਆ ਸੀ, ਜਿਸ ਵਿੱਚ ਨਿੱਜੀ ਤੇ ਗ੍ਰਹਿ ਭਲਾਈ ਦੇ ਆਪਸੀ ਸਬੰਧਾਂ 'ਤੇ ਜ਼ੋਰ ਦਿੱਤਾ ਗਿਆ ਸੀ।ਆਰੀਅਨਜ਼ ਸਪੋਰਟਸ ਕਲੱਬ ਦੇ ਵਿਦਿਆਰਥੀ ਕੋਆਰਡੀਨੇਟਰਾਂ ਦੇ ਬਿਆਨ ਅਨੁਸਾਰ ਇਹ ਜ਼ਿਕਰ ਕੀਤਾ ਗਿਆ ਸੀ ਕਿ ਯੋਗਾ ਇੱਕ ਪ੍ਰਾਚੀਨ ਭਾਰਤੀ ਅਭਿਆਸ ਹੈ ਜੋ 5,000 ਸਾਲ ਪਹਿਲਾਂ ਸ਼ੁਰੂ ਹੋਇਆ ਸੀ, ਇਹ ਮਨ, ਸਰੀਰ ਤੇ ਆਤਮਾ ਨੂੰ ਇਕਸੁਰ ਕਰਦਾ ਹੈ, ਤਣਾਅ, ਉਦਾਸੀ ਤੇ ਚਿੰਤਾ ਦਾ ਮੁਕਾਬਲਾ ਕਰਦੇ ਹੋਏ ਸਮੁੱਚੀ ਸਿਹਤ ਤੇ ਤੰਦਰੁਸਤੀ ਨੂੰ ਉਤਸ਼ਾਹਤ ਕਰਦਾ ਹੈ।ਵਰਕਸ਼ਾਪ ਦੌਰਾਨ ਵਿਦਿਆਰਥੀਆਂ ਨੇ ਵੱਖ-ਵੱਖ ਯੋਗਾ ਆਸਣ ਸਿੱਖੇ, ਜਿਨ੍ਹਾਂ ਵਿੱਚ ਪਦਮਾਸਨ, ਹਲਾਸਨਾ, ਸੁਖਾਸਨ, ਨੌਕਾਸਨ, ਵ੍ਰਿਕਸ਼ਾਸਨ, ਤਾਡਾਸਨ ਤੇ ਭੁਜੰਗਾਸਨ ਸ਼ਾਮਲ ਹਨ।

ਬਾਘਾ ਪੁਰਾਣਾ (ਮਨੀ ਸਿੰਗਲਾ) : ਸਥਾਨਕ ਸ਼ਹਿਰ ਅੰਦਰ

ਅੰਤਰਰਾਸ਼ਟਰੀ ਯੋਗ ਦਿਵਸ ਸੰਤ ਬਾਬਾ ਗੁਰਮੇਲ ਸਿੰਘ ਸਟੇਡੀਅਮ ਵਿਖੇ ਮਨਾਇਆ ਗਿਆ, ਜਿਸ ਵਿੱਚ ਵਿਧਾਇਕ ਅੰਮ੍ਰਿਤਪਾਲ ਸਿੰਘ ਸੁਖਾਨੰਦ, ਉਪ ਮੰਡਲ ਮੈਜਿਸਟਰੇਟ ਬਾਘਾ ਪੁਰਾਣਾ ਬੇਅੰਤ ਸਿੰਘ ਸਿੱਧੂ, ਉਪ ਪੁਲਸ ਕਪਤਾਨ ਦਲਵੀਰ ਸਿੰਘ ਸਿੱਧੂ, ਨਗਰ ਕੌਂਸਲ ਦੇ ਪ੍ਰਧਾਨ ਸੋਨੀਆ ਗੁਪਤਾ ਦੇ ਪਤੀ ਸੀਨੀਅਰ ਆਪ ਆਗੂ ਪਵਨ ਗੁਪਤਾ, ਨਗਰ ਕੌਂਸਲ ਦੇ ਉਪ ਪ੍ਰਧਾਨ ਰਣਜੀਤ ਸਿੰਘ ਟੀਟੂ ਤੇ ਹੋਰਨਾਂ ਅਧਿਕਾਰੀਆਂ ਨੇ ਯੋਗਾ ਵਿਚ ਹਿੱਸਾ ਲਿਆ।ਯੋਗਾ ਮਾਹਰਾਂ ਨੇ ਸਰੀਰ ਦੀ ਤੰਦਰੁਸਤੀ ਲਈ ਵੱਖ-ਵੱਖ ਆਸਣ ਕਰਵਾਏ।ਉਨ੍ਹਾਂ ਕਿਹਾ ਕਿ ਹਰ ਇਨਸਾਨ ਦੀ ਜ਼ਿੰਦਗੀ, ਭੱਜ, ਦੌੜ, ਤਣਾਅ ਤੇ ਥਕਾਵਟ ਵਾਲੀ ਹੋਣ ਕਰ ਕੇ ਸਮਾਜ ਦਾ ਹਰ ਵਰਗ ਮਾਨਸਿਕ ਤੇ ਸਰੀਰਕ ਤ

23-June--page-11-Majha-2025-C.qxd 6/22/2025 10:24 PM Page 1

ਮਲਟੀਪਰਜ਼ ਹੈਲਥ ਵਰਕਰਾਂ ਨੇ ਸਿਹਤ ਮੰਤਰੀ ਪੰਜਾਬ ਨੂੰ ਦਿੱਤਾ ਮੰਗ ਪੱਤਰ

ਵੇਰਕਾ (ਰਾਣਾ)-ਮਲਟੀਪਰਜ਼ ਹੈਲਥ ਵਰਕਰ ਮੇਲ ਤੇ ਫ਼ੀਮੇਲ ਐਕਸ਼ਨ ਕਮੇਟੀ ਅਤੇ ਬਹੁਮੰਤਵੀ ਸਿਹਤ ਕ੍ਰਮਚਾਰੀ ਐਕਸ਼ਨ ਕਮੇਟੀ ਪੰਜਾਬ ਨੇ ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੂੰ ਜ਼ਿਲ੍ਹਾ ਪ੍ਰਧਾਨ ਰਾਜਦੀਪ ਸਿੰਘ ਹੁਸ਼ਿਆਰਪੁਰ, ਜ਼ਿਲਾ ਪ੍ਰਧਾਨ ਗੁਰਮੀਤ ਸਿੰਘ, ਜ਼ਿਲ੍ਹਾ ਪ੍ਰਧਾਨ ਰਮਨਜੀਤ ਕੌਰ ਮਾਨ ਗੁਰਦਾਸਪੁਰ, ਸੂਬਾ ਪ੍ਰਧਾਨ ਗਗਨਦੀਪ ਸਿੰਘ ਖਾਲਸਾ ਅੰਮ੍ਰਿਤਸਰ ਦੀ ਅਗਵਾਈ ਵਿੱਚ ਮੰਗ ਪੱਤਰ ਦਿੱਤਾ ਗਿਆ।ਇਸ ਮੌਕੇ ਮੰਗਾਂ ਸੰਬੰਧੀ ਵਿਚਾਰ-ਚਰਚਾ ਵੀ ਕੀਤੀ ਗਈ।ਸਿਹਤ ਮੰਤਰੀ ਨੇ ਜਥੇਬੰਦਕ ਮੰਗਾਂ ਤੇ ਸਹਿਮਤੀ ਪ੍ਰਗਟਾਉਣ ਉਪਰੰਤ ਜਲਦੀ ਇਕ ਪੈਨਲ ਮੀਟਿੰਗ ਦੇਣ ਦੀ ਗੱਲ ਆਖੀ ਹੈ। ਜਥੇਬੰਦਕ ਮੁੱਖ ਮੰਗਾਂ ਚ ਕੇਡਰ ਦਾ ਨਾਮ ਬਦਲਣ, ਹੈਲਥ ਵਰਕਰਾਂ ਦੀਆ ਪੋਸਟਾਂ ਦਾ ਇਸ਼ਤਿਹਾਰ ਜਾਰੀ ਕਰਨ, ਡਾਕਟਰਾਂ ਦੀ ਤਰਜ਼ ਤੇ ਵਿੱਤੀ ਲਾਭ ਦੇਣ, ਟੋਲ ਮੁਆਫ ਕਰਨ, ਸੀਐੱਚਓ ਦੇ ਛੁੱਟੀ ਜਾਣ ਤੇ ਮੇਲ/ਫੀਮੇਲ ਦੀ ਡਿਊਟੀ ਨਾ ਲਗਾਉਣ, ਐੱਫਟੀਏ ਸਮੇਤ ਹੋਰ ਕੱਟੇ ਭੱਤੇ ਲਾਗੂ ਕਰਵਾਉਣ, ਤਾਜ਼ਾ ਤਨਖਾਹ ਕਮਿਸ਼ਨ ਲਾਗੂ ਕਰਨਾ, ਕੱਚੇ ਕਾਮਿਆਂ ਨੂੰ ਪੱਕੇ ਕਰਨਾ ਆਦਿ ਸ਼ਾਮਲ ਹਨ। ਇਸ ਮੀਟਿਗ ਵਿੱਚ ਬੁਹਮੰਤਵੀ ਸਿਹਤ ਕਰਮਚਾਰੀ ਐਸੋਸੀਏਸ਼ਨ ਦੇ ਮੁੱਖ ਸਲਾਕਾਰ ਸੰਦੀਪ ਸਿੰਘ ਰਮਦਾਸ ਚੀਮਾਂ ਨੇ ਸਿਹਤ ਮੰਤਰੀ ਨੂੰ ਨਸ਼ਿਆਂ ਵਿਰੁੱਧ ਯੁੱਧ ਵਿੱਚ ਕੇਡਰ ਵੱਲੋਂ ਨਿਭਾਈ ਜਾ ਰਹੀ ਭੂਮਿਕਾ ਸੰਬੰਧੀ

ਵਿਸਥਾਰਪੂਰਵਕ ਜਾਣੂ ਕਰਾਇਆ ਅਤੇ ਮੰਤਰੀ ਨੇ ਕੇਡਰ ਵੱਲੋਂ ਕੀਤੇ ਜਾ ਰਹੇ ਕੰਮਾਂ ਦੀ ਭਰਪੂਰ ਸ਼ਲਾਘਾ ਕੀਤੀ।

6 ਜੁਲਾਈ ਨੂੰ ਜਲੰਧਰ 'ਚ ਕੀਤੀ ਜਾ ਰਹੀ ਕਨਵੈਨਸ਼ਨ 'ਚ ਪਹੁੰਚਣ ਦਾ ਸੱਦਾ: ਰਟੋਲ, ਪੰਡੋਰੀ

ਤਰਨ ਤਾਰਨ (ਪ੍ਰਿਤਪਾਲ ਸਿੰਘ)-ਮਨਰੇਗਾ ਵਰਕਰਜ਼ ਯੂਨੀਅਨ ਦੀ ਮੀਟਿੰਗ ਪਿੰਡ ਕੈਰੋਵਾਲ ਵਿਖੇ ਜਸਬੀਰ ਕੌਰ ਕੈਰੋਵਾਲ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿੱਚ ਔਰਤਾਂ ਨੇ ਵੱਡੀ ਗਿਣਤੀ ਵਿੱਚ ਹਿੱਸਾ ਲਿਆ ।ਮੀਟਿੰਗ ਨੂੰ ਸੰਬੋਧਨ ਕਰਦਿਆਂ ਮਨਰੇਗਾ ਵਰਕਰਜ਼ ਯੂਨੀਅਨ ਦੇ ਜ਼ਿਲ੍ਹਾ ਸਕੱਤਰ ਬਲਦੇਵ ਸਿੰਘ ਪੰਡੋਰੀ ਨੇ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਘੱਟ ਗਿਣਤੀ ਲੋਕਾਂ ਤੇ ਜਾਨ ਲੇਵਾ ਹਮਲੇ ਕਰ ਰਹੀ ਹੈ, ਨਿੱਤ ਦਿਨ ਔਰਤਾਂ 'ਤੇ ਜਬਰ ਜਨਾਹ ਕਰਕੇ ਕਤਲ ਹੋ ਰਹੇ ਹਨ ।ਡਾਕਟਰ ਅੰਬੇਡਕਰ ਵੱਲੋਂ ਤਿਆਰ ਕੀਤੇ ਸੰਵਿਧਾਨ ਦੀਆਂ ਧੱਜੀਆ ਉਡਾਈਆਂ ਜਾ ਰਹੀਆਂ ਹਨ ।ਸਦੀਆਂ ਪੁਰਾਣੇ ਪਛਾਖੜੀ ਵਿਚਾਰਾ ਨੂੰ ਪ੍ਰਫੁੱਲਤ ਕਰਨ ਲਈ ਆਰਐੱਸਐੱਸ ਦੀ ਵਿਚਾਰਧਾਰਾ ਮੁਤਾਬਕ ਮਨੂਸਿਮ੍ਰਤੀ ਨੂੰ ਲਾਗੂ ਕਰਨ ਲਈ ਮੋਦੀ ਸਰਕਾਰ ਭੱਬਾਂ ਭਾਰ ਹੋਈ ਫਿਰਦੀ ਹੈ ।ਪੰਡੋਰੀ ਨੇ ਕਿਹਾ ਕਿ ਦੇਸ਼ ਦੀ ਆਰਥਿਕਤਾ ਡਾਵਾਂਡੋਲ ਹੋ ਰਹੀ ਹੈ ਦੇਸ਼ ਦਾ ਧਨ ਕਾਰਪੋਰੇਟ ਘਰਾਣਿਆਂ ਨੂੰ ਲੁਟਾਇਆ ਜਾ ਰਿਹਾ ਹੈ ਅਤੇ ਅਰਬਾਂ ਖਰਬਾਂ ਰੁਪਏ ਇਨ੍ਹਾਂ ਨੂੰ ਮੁਆਫ ਕੀਤੇ ਜਾ ਰਹੇ ਹਨ ।ਉਨ੍ਹਾਂ ਕਿਹਾ ਕਿ ਦੇਸ਼ ਅੰਦਰ ਬੇਰੁਜ਼ਗਾਰੀ, ਮਹਿੰਗਾਈ, ਅਨਪੜ੍ਹਤਾ, ਭੁੱਖਮਰੀ, ਭ੍ਰਿਸ਼ਟਾਚਾਰ , ਕੰਗਾਲੀ ਸਿਖਰਾਂ ਛੂਹ ਰਹੀ ਹੈ।ਨਿੱਜੀਕਰਨ ਦੀ ਨੀਤੀ ਤਹਿਤ ਸਰਕਾਰੀ ਅਰਧ ਸਰਕਾਰੀ ਮਹਿਕਮਿਆਂ ਦਾ ਭੋਗ ਪਾਇਆ ਜਾ ਰਿਹਾ ਹੈ । ਵਿੱਦਿਆ ਤੇ ਸਿਹਤ ਸਹੂਲਤਾਂ ਗਰੀਬ ਲੋਕਾਂ ਤੋਂ

ਕੋਹਾਂ ਦੂਰ ਜਾ ਰਹੀਆਂ ਹਨ । ਮਨਰੇਗਾ ਸਕੀਮ ਤਹਿਤ ਕੇਂਦਰੀ ਫੰਡਾਂ ਤੇ ਕੱਟ ਲਾਈ ਜਾ ਰਹੀ ਹੈ । ਮਨਰੇਗਾ ਵਰਕਰਾਂ ਨੂੰ ਮਿਹਨਤਾਨਾ ਸਿਰ ਨਹੀਂ ਦਿੱਤਾ ਜਾ ਰਿਹਾ ਹੈ।ਇਨ੍ਹਾਂ ਆਗੂਆਂ ਨੇ ਪੰਜਾਬ ਦੀ ਭਗਵੰਤ ਮਾਨ ਸਰਕਾਰ ਬਾਰੇ ਬੋਲਦਿਆਂ ਕਿਹਾ ਕਿ ਇਹ ਸਰਕਾਰ ਵੀ ਲੋਕ ਵਿਰੋਧੀ ਸਾਬਤ ਹੋਈ ਹੈ ।ਪੰਜਾਬ ਦੇ ਲੋਕਾਂ ਨਾਲ ਝੂਠੇ ਵਾਅਦੇ ਗਰੰਟੀਆਂ ਕੀਤੀਆਂ ਜਾ ਰਹੀਆਂ ਹਨ ਮਜ਼ਦੂਰ ਦੇ ਵਿਰੋਧ ਚ ਦਿਹਾੜੀ ਦਾ ਸਮਾਂ ਘਟਾਉਣ ਦੀ ਥਾਂ 8 ਘੰਟੇ ਤੋਂ 12 ਘੰਟੇ ਸਮੇਂ ਦੇ ਮਤੇ ਪਾਸ ਕੀਤੇ ਜਾ ਰਹੇ ਹਨ । ਮਨਰੇਗਾ ਸਕੀਮ ਨੂੰ ਪਾਰਦਰਸ਼ੀ ਢੰਗ ਨਾਲ ਲਾਗੂ ਨਹੀਂ ਕੀਤਾ ਜਾ ਰਿਹਾ ।ਹਲਕਾ ਵਿਧਾਇਕਾ ਵੱਲੋਂ ਮਨਰੇਗਾ ਸਕੀਮ 'ਚ ਗੈਰ ਕਾਨੂੰਨੀ ਢੰਗ ਨਾਲ ਦਖਲਅੰਦਾਜ਼ੀ ਕੀਤੀ ਜਾ ਰਹੀ ਹੈ ।ਨਸ਼ੇ, ਗੁੰਡਾਗਰਦੀ, ਕਤਲੋਗਾਰਤ, ਲੁੱਟਾਂ ਖੋਹਾਂ ਪੂਰੇ 'ਤੇ ਜੋਬਨ ਹਨ ।ਕਾਨੂੰਨ ਵਿਵਸਥਾ ਦਿਨੋ ਦਿਨ ਵਿਗੜਦੀ ਜਾ ਰਹੀ ਹੈ ।ਪੁਲਸ ਪ੍ਰਸ਼ਾਸਨ ਲਚਾਰ ਹੋਇਆ ਪਿਆ ਹੈ ।ਮੀਟਿੰਗ ਨੂੰ ਸੰਬੋਧਨ ਕਰਦਿਆਂ ਜ਼ਿਲ੍ਹੇ ਦੇ ਸੀਨੀਅਰ ਮੀਤ ਪ੍ਰਧਾਨ ਨਰਿੰਦਰ ਸਿੰਘ ਰਟੋਲ ਨੇ ਕਿਹਾ ਕਿ ਮਨਰੇਗਾ ਵਰਕਰਾਂ ਦੀਆਂ ਭਖਦੀਆਂ ਮੰਗਾਂ ਦੇ ਹੱਲ ਲਈ ਕੇਂਦਰ ਅਤੇ ਪੰਜਾਬ ਸਰਕਾਰ ਤੇ ਦਬਾਅ ਪਾਉਣ ਲਈ 6 ਜੁਲਾਈ ਨੂੰ ਸੂਬਾ ਪੱਧਰੀ ਮਾਝਾ ਦੁਆਬਾ ਜ਼ੋਨ ਦੀ ਕਨਵੈਨਸ਼ਨ ਦੇਸ਼ ਭਗਤ ਯਾਦਗਾਰ ਹਾਲ ਜਲੰਧਰ 'ਚ ਕੀਤੀ ਜਾ ਰਹੀ ਹੈ।

ਉਨਾਂ ਲੋਕਾਂ ਨੂੰ ਵੱਡੀ ਗਿਣਤੀ 'ਚ ਪਹੁੰਚਣ ਦਾ ਸੱਦਾ ਦਿੱਤਾ।ਇਸ ਮੌਕੇ ਕਰਮ ਸਿੰਘ ਪੰਡੋਰੀ, ਕੁਲਦੀਪ ਸਿੰਘ ਰਟੋਲ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ । ਇਸ ਮੌਕੇ ਹਰਬੰਸ ਸਿੰਘ, ਗੁਰਮੀਤ ਸਿੰਘ, ਚਰਨ ਸਿੰਘ, ਮੰਗਲ ਸਿੰਘ, ਰਤਨ ਸਿੰਘ, ਪਰਮਜੀਤ ਸਿੰਘ, ਪ੍ਰਤਾਪ ਸਿੰਘ, ਪਰਮਜੀਤ ਸਿੰਘ, ਹਰਭਜਨ ਸਿੰਘ, ਜਸਬੀਰ ਕੌਰ, ਸੁਖਵਿੰਦਰ ਕੌਰ, ਕੁਲਦੀਪ ਕੌਰ, ਸਰਬਜੀਤ ਕੌਰ, ਸੁਖਵਿੰਦਰ ਕੌਰ, ਕਸ਼ਮੀਰ ਕੌਰ ,ਗੁਰਮੀਤ ਕੌਰ, ਅਮਨ ਕੌਰ, ਜਸਵਿੰਦਰ ਕੌਰੱ ਤੇ ਜਸਬੀਰ ਕੌਰ ਹਾਜ਼ਰ ਸਨ ।

ਅਮਰੀਕਾ ਵੱਲੋਂ ਈਰਾਨ ਉੱਪਰ ਹਮਲਾ ਕਰਨਾ ਦੁਨੀਆ ਨੂੰ ਤੀਸਰੇ ਸੰਸਾਰ ਯੁੱਧ ਵੱਲ ਧੱਕਣ ਦੀ ਕਾਰਵਾਈ: ਬੱਖਤਪੁਰਾ

ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਸੀਪੀਆਈ ਐੱਮਐੱਲ ਲਿਬਰੇਸ਼ਨ ਨੇ ਅਮਰੀਕਾ ਵੱਲੋਂ ਈਰਾਨ ਉਪਰ ਹਮਲਾ ਕਰਨ ਨੂੰ ਦੁਨੀਆ ਨੂੰ ਤੀਸਰੇ ਸੰਸਾਰ ਯੁੱਧ ਵੱਲ ਧੱਕਣ ਦੀ ਕਾਰਵਾਈ ਦੱਸਿਆ ਹੈ,ਜਿਸ ਹਮਲੇ ਦਾ ਦੁਨੀਆ ਦੀ ਜਨਤਾ ਨੂੰ ਖੁੱਲ੍ਹ ਕੇ ਵਿਰੋਧ ਕਰਨਾ ਚਾਹੀਦਾ ਹੈ।

ਇਸ ਸਬੰਧੀ ਪ੍ਰੈੱਸ ਬਿਆਨ ਜਾਰੀ ਕਰਦਿਆਂ ਲਿਬਰੇਸ਼ਨ ਦੇ ਸੂਬਾ ਸੱਕਤਰ ਗੁਰਮੀਤ ਸਿੰਘ ਬੱਖਤਪੁਰਾ ਨੇ ਕਿਹਾ ਕਿ ਅਮਰੀਕਾ ਅਤੇ ਇਜ਼ਰਾਈਲ ਦਾ ਈਰਾਨ ਉਪਰ ਐਟਮੀ ਸ਼ਕਤੀ ਬਣਨ ਦਾ ਦੋਸ਼ ਈਰਾਕ ਦੀ ਤਰ੍ਹਾਂ ਨਹਾਇਤ ਇਕ ਬਹਾਨਾ ਹੈ ਕਿਉਂਕਿ ਇੰਟਰਨੈਸ਼ਨਲ ਐਟੋਮਿਕ ਐਨਰਜੀ ਏਜੰਸੀ ਸਮੇਤ ਕਈ ਵਿਸ਼ਵ ਪੱਧਰੀ ਅਦਾਰੇ ਆਪਣੀ ਜਾਂਚ ਪੜਤਾਲ ਵਿੱਚ ਈਰਾਨ ਨੂੰ ਪਰਮਾਣੂ ਹਥਿਆਰਾਂ ਰਹਿਤ ਦੇਸ਼ ਸਾਬਿਤ ਕਰ ਚੁੱਕੇ ਹਨ।ਈਰਾਨ ਖੁਦ ਸਬੰਧਤ ਐਟਮੀ ਪਰੀਖਣ ਅਦਾਰਿਆਂ ਨੂੰ ਈਰਾਨ ਵਿੱਚ ਆ ਕੇ ਨਰੀਖਣ ਕਰਨ ਲਈ ਸਦਾ ਦੇ ਚੁੱਕਾ ਹੈ।

ਬੱਖਤਪੁਰਾ ਨੇ ਕਿਹਾ ਕਿ ਭਾਰਤ ਸਮੇਤ ਦੁਨੀਆ ਦੀ ਜਨਤਾ ਈਰਾਨ ਉਪਰ ਠੋਸੀ ਇਜ਼ਰਾਈਲੀ ਜੰਗ ਦਾ ਵਿਰੋਧ ਕਰ ਰਹੀ ਹੈ ਪਰ ਦੇਸ਼ ਦੀ ਮੋਦੀ ਸਰਕਾਰ ਦੀ ਚੁੱਪ-ਭਰੀ ਵਿਦੇਸ਼ ਨੀਤੀ ਇਜ਼ਰਾਈਲ ਦੇ ਹੱਕ ਵਿੱਚ ਭੁਗਤਦੀ ਦਿਸ ਰਹੀ ਹੈ ਜਦੋਂਕਿ ਕਦੇ ਵੀ ਭਾਰਤ ਦੀ ਵਿਦੇਸ਼ ਨੀਤੀ ਇਸ ਤਰ੍ਹਾਂ ਦੀਆਂ ਜੰਗਾਂ ਦੇ ਪੱਖ ਦੀ ਨਹੀਂ ਰਹੀ ਹੈ।ਉਨ੍ਹਾਂ ਕਿਹਾ ਕਿ ਇਸ ਜੰਗ ਦੇ ਭਾਰਤੀ ਆਰਥਿਕਤਾ ਉਪਰ ਵੀ ਵੱਡੇ ਦੂਰਪ੍ਰਭਾਵ ਪੈਣਗੇ।ਮੋਦੀ ਸਰਕਾਰ ਨੂੰ ਇਸ ਮਾਰੂ ਜੰਗ ਦੇ ਵਿਰੋਧ ਵਿੱਚ ਖੜਨ ਦਾ ਪੈਂਤੜਾ ਲੈਣਾ ਚਾਹੀਦਾ ਹੈ।

ਬਿਜਲੀ ਕਾਮਿਆਂ ਦੀਆਂ ਮੰਗਾਂ ਦਾ ਪੰਜਾਬ ਸਰਕਾਰ ਤੇ ਪਾਵਰਕੌਮ ਮੈਨੇਜਮੈਂਟ ਜਲਦ ਨਿਪਟਾਰਾ ਕਰੇ : ਉਦੀਪੁਰ

ਧਾਰੀਵਾਲ (ਮਨਦੀਪ ਸਿੰਘ ਵਿੱਕੀ)- ਪੀਐੱਸਈਬੀ ਇੰਪਲਾਈਜ਼ ਫੈਡਰੇਸ਼ਨ ਏਟਕ ਸਰਕਲ ਗੁਰਦਾਸਪੁਰ ਦੀ ਜਨਰਲ ਕੌਂਸਲ ਦੀ ਮੀਟਿੰਗ ਸਰਕਲ ਪ੍ਰਧਾਨ ਕਾਮਰੇਡ ਬਲਵਿੰਦਰ ਉਦੀਪੁਰ ਦੀ ਪ੍ਰਧਾਨਗੀ ਹੇਠ ਕਾਦੀਆਂ ਮੰਡਲ ਵਿਖੇ ਹੋਈ।ਇਸ ਸਬੰਧੀ ਪ੍ਰੈੱਸ ਨੂੰ ਜਾਣਕਾਰੀ ਦਿੰਦੇ ਪ੍ਰਧਾਨ ਕਾਮਰੇਡ ਬਲਵਿੰਦਰ ਸਿੰਘ ਉਦੀਪੁਰ ਨੇ ਦੱਸਿਆ ਕਿ ਮੀਟਿੰਗ ਦੌਰਾਨ ਫੀਲਡ ਵਿੱਚ ਕੰਮ ਕਰਦੇ ਕਰਮਚਾਰੀਆਂ ਨੂੰ ਆ ਰਹੀਆਂ ਮੁਸ਼ਕਲਾਂ ਅਤੇ ਪਾਵਰਕੌਮ ਦੀ ਮੈਨੇਜਮੈਂਟ ਵੱਲੋਂ ਬਿਜਲੀ ਕਾਮਿਆਂ ਦੀਆਂ ਮੰਗਾਂ ਸਬੰਧੀ ਧਾਰਨ ਕੀਤੀ ਟਾਲ ਮਟੋਲ ਦੀ ਨੀਤੀ ਤੇ ਵਿਚਾਰ ਚਰਚਾ ਕੀਤੀ ਗਈ।ਸਾਥੀ ਉਦੀਪੁਰ ਨੇ ਦੱਸਿਆ ਕਿ ਮਹਿਕਮੇ ਅੰਦਰ ਕਰਮਚਾਰੀਆਂ ਦੀ ਗਿਣਤੀ ਬਹੁਤ ਘਟਦੀ ਜਾ ਰਹੀ ਹੈ ਅਤੇ ਕੰਮ ਦਾ ਬੋਝ ਵੱਧਦਾ ਜਾ ਰਿਹਾ ਹੈ ਅਤੇ ਵਰਕਰਾਂ ਨੂੰ ਡਿਊਟੀ ਤੋਂ ਵੱਧ ਕਰਨਾ ਪੈ ਰਿਹਾ ਹੈ। ਫੀਲਡ ਵਿੱਚ ਕੰਮ ਕਰਦੇ ਕਰਮਚਾਰੀ ਘਾਤਕ ਹਾਦਸਿਆਂ ਦਾ ਸ਼ਿਕਾਰ ਹੋ ਰਹੇ ਹਨ ਅਤੇ ਪਾਵਰਕੌਮ ਅੰਦਰ ਮੌਤਾਂ ਦੀ ਦਰ ਤੇਜ਼ੀ ਨਾਲ ਵਧ ਰਹੀ ਹੈ ਜਿਹੜਾ ਕਿ ਚਿੰਤਾ ਦਾ ਵਿਸ਼ਾ ਹੈ।ਇਸ ਲਈ ਪਾਵਰਕੌਮ ਦੀ ਮੈਨੇਜਮੈਂਟ ਅਤੇ ਸਰਕਾਰ ਨੂੰ ਮਹਿਕਮੇ ਅੰਦਰ ਪੱਕੀ ਭਰਤੀ ਪੂਰੀਆ ਤਨਖ਼ਾਹਾਂ ਤੇ ਕਰਨੀ ਚਾਹੀਦੀ ਹੈ ਤਾਂ ਜੋ ਖਪਤਕਾਰਾਂ ਨੂੰ ਵਧੀਆ ਬਿਜਲੀ ਦੀ ਸਪਲਾਈ ਦਿੱਤੀ ਜਾ ਸਕੇ।ਪੰਜਾਬ ਸਰਕਾਰ ਅਤੇ ਪਾਵਰਕੌਮ

ਦੀ ਮੈਨੇਜਮੈਂਟ ਨੂੰ ਬਿਜਲੀ ਕਾਮਿਆਂ ਦੀਆਂ ਮੰਗਾਂ ਦਾ ਨਿਪਟਾਰਾ ਕਰਨਾ ਚਾਹੀਦਾ ਹੈ। ਪ੍ਰਧਾਨ ਉਦੀਪੁਰ ਨੇ ਕਿਹਾ ਕਿ ਕੇਂਦਰ ਦੀਆਂ 10 ਟ੍ਰੇਡ ਯੂਨੀਅਨਾਂ ਵੱਲੋਂ 9 ਜੁਲਾਈ ਨੂੰ ਕੇਂਦਰ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਖ਼ਿਲਾਫ਼ ਦੇਸ਼ ਭਰ ਵਿੱਚ ਕੀਤੀ ਜਾ ਰਹੀ ਹੜਤਾਲ ਨੂੰ ਸਫਲ ਬਣਾਉਣ ਲਈ ਲਾਮਬੰਦੀ ਸ਼ੁਰੂ ਕੀਤੀ ਜਾਵੇਗੀ।ਮੀਟਿੰਗ ਵਿੱਚ ਸਾਥੀ ਪਿਆਰਾ ਸਿੰਘ ਭਾਮੜੀ, ਸਾਹਿਬ ਸਿੰਘ ਧਾਲੀਵਾਲ, ਰਾਮ ਲੁਭਾਇਆ, ਦਲਜੀਤ ਸਿੰਘ ਸਿੱਧਵਾਂ, ਰਛਪਾਲ ਸਿੰਘ, ਯਾਦਵਿੰਦਰ ਸਿੰਘ, ਗੁਰਵਿੰਦਰ ਸਿੰਘ, ਪਰਮਜੀਤ ਸਿੰਘ, ਗੁਰਪਾਲ ਸਿੰਘ, ਹਰਪ੍ਰੀਤ ਸਿੰਘ, ਰਕੇਸ਼ ਕੁਮਾਰ ਆਦਿ ਆਗੂਆਂ ਸਮੇਤ ਹੋਰ ਸਾਥੀਆਂ ਵੱਡੀ ਗਿਣਤੀ ਵਿੱਚ ਹਿੱਸਾ ਲਿਆ।

ਕਾਂਗਰਸ ਪਾਰਟੀ ਵੱਲੋਂ ਦੀਨਾਨਗਰ ਵਿਖੇ ਕੀਤੀ ਗਈ ਸੰਵਿਧਾਨ ਬਚਾਓ ਰੈਲੀ

* ਸੰਵਿਧਾਨ ਸਿਰਫ ਕਾਗਜ਼ ਦਾ ਟੁਕੜਾ ਨਹੀਂ, ਸਗੋਂ ਹੱਕ ਤੇ ਆਜ਼ਾਦੀ ਨਾਲ ਜਿਊਣ ਦਾ ਸਾਨੂੰ ਅਧਿਕਾਰ ਦਿੰਦਾ

ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)-ਭਾਰਤ ਦੇ ਲੋਕਤੰਤਰ ਅਤੇ ਸੰਵਿਧਾਨ ਦੀ ਰੱਖਿਆ ਨੂੰ ਲੈ ਕੇ ਆਲ ਇੰਡੀਆ ਕਾਂਗਰਸ ਕਮੇਟੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਕਾਂਗਰਸ ਪਾਰਟੀ ਵੱਲੋਂ ਦੀਨਾਨਗਰ ਦੇ ਤਾਜ ਹੈਰੀਟੇਜ ਵਿਖੇ ਸੰਵਿਧਾਨ ਬਚਾਓ ਰੈਲੀ ਕੀਤੀ ਗਈ ਜਿਸਦੀ ਅਗਵਾਈ ਹਲਕਾ ਵਿਧਾਇਕ ਅਰੁਣਾ ਚੌਧਰੀ ਨੇ ਕੀਤੀ। ਰੈਲੀ ਵਿੱਚ ਵਿਸ਼ੇਸ਼ ਤੌਰ ਤੇ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ, ਲੋਕਸਭਾ ਮੈਂਬਰ ਸੁਖਵਿੰਦਰ ਸਿੰਘ ਰੰਧਾਵਾ, ਪੰਜਾਬ ਪ੍ਰਧਾਨ ਰਾਜਾ ਵੜਿੰਗ, ਸੁਜਾਨਪੁਰ ਦੇ ਵਿਧਾਇਕ ਨਰੇਸ ਪੁਰੀ, ਸੀਨੀਅਰ ਆਗੂ ਅਸੋਕ ਅਸੋਕ ਚੌਧਰੀ, ਨਗਰ ਕੌਂਸਲ ਦੇ ਪ੍ਰਧਾਨ ਬਲਜੀਤ ਸਿੰਘ ਪਾਹੜਾ, ਹਲਕਾ ਗੁਰਦਾਸਪੁਰ ਦੇ ਵਿਧਾਇਕ ਬਰਿੰਦਰਮੀਤ ਸਿੰਘ ਪਾਹੜਾ, ਵਪਾਰ ਮੰਡਲ ਪ੍ਰਧਾਨ ਦਰਸਨ ਮਹਾਜਨ, ਰਮਨ ਬੱਬਰ ਸ਼ਾਮਲ ਹੋਏ। ਇਸ ਮੌਕੇ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਦੇ ਮਨਸੂਬਿਆਂ ਨੂੰ ਕਦੇ ਵੀ ਕਾਮਯਾਬ ਨਹੀਂ ਹੋਣ ਦੇਵਾਂਗੇ। ਪੰਜਾਬ ਪ੍ਰਧਾਨ ਰਾਜਾ ਵੜਿੰਗ ਨੇ ਰੈਲੀ ਦੌਰਾਨ ਭਾਸ਼ਣ ਦਿੰਦਿਆਂ ਕੇਂਦਰ ਸਰਕਾਰ ਉੱਤੇ ਗੰਭੀਰ ਦੋਸ਼ ਲਾਉਂਦੇ ਕਿਹਾ ਕਿ ਦੇਸ਼ ਦੇ ਸੰਵਿਧਾਨ ਨੂੰ ਗੰਭੀਰ ਖਤਰਾ ਦਰਪੇਸ਼ ਹੈ। ਉਨ੍ਹਾਂ ਲੋਕਾਂ ਨੂੰ ਸੰਵਿਧਾਨ ਬਚਾਉਣ ਦੀ ਅਪੀਲ ਕੀਤੀ। ਲੋਕਸਭਾ ਮੈਂਬਰ ਸੁਖਵਿੰਦਰ ਸਿੰਘ ਰੰਧਾਵਾ ਨੇ ਕਿਹਾ ਕਿ ਭਾਰਤੀ ਲੋਕਤੰਤਰ ਖਤਰੇ ਵਿੱਚ ਹੈ। ਉਨ੍ਹਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ 'ਤੇ ਵੀ ਤਿੱਖੇ ਨਿਸ਼ਾਨੇ ਸਾਧੇ। ਇਸ ਮੌਕੇ ਅਰੁਣਾ ਚੌਧਰੀ ਨੇ ਕਿਹਾ ਕਿ ਮੌਜੂਦਾ ਕੇਂਦਰ

ਸਰਕਾਰ ਸੰਵਿਧਾਨਿਕ ਸੰਸਥਾਵਾਂ ਦੀ ਅਣਦੇਖੀ ਕਰ ਰਹੀ ਹੈ ਅਤੇ ਲੋਕਤੰਤਰ ਨੂੰ ਖਤਰੇ ਵਿੱਚ ਪਾ ਰਹੀ ਹੈ।ਉਨਾਂ ਕੇਂਦਰ ਸਰਕਾਰ 'ਤੇ ਦੋਸ਼ ਲਾਏ ਕਿ ਉਹ ਸੰਵਿਧਾਨ ਦੀਆਂ ਵਿਆਖਿਆਵਾਂ ਨੂੰ ਆਪਣੀ ਸਹੂਲਤ ਅਨੁਸਾਰ ਤੋੜ ਮਰੋੜ ਰਹੀ ਹੈ। ਉਨ੍ਹਾਂ ਕਿਹਾ ਕਿ ਸੰਵਿਧਾਨ ਸਿਰਫ ਇਕ ਕਾਗਜ਼ ਦਾ ਟੁਕੜਾ ਨਹੀਂ, ਸਗੋਂ ਇਹ ਸਾਨੂੰ ਸਾਡੇ ਹੱਕ, ਅਜਾਦੀ ਅਤੇ ਆਜਾਦੀ ਨਾਲ ਜੀਣ ਦਾ ਅਧਿਕਾਰ ਦਿੰਦਾ ਹੈ। ਉਨ੍ਹਾਂ ਆਗਾਹ ਕੀਤਾ ਕਿ ਜੇ ਸੰਵਿਧਾਨ ਖਤਮ ਹੋਇਆ ਤਾਂ ਆਮ ਜਨਤਾ ਦੇ ਹੱਕ ਵੀ ਖਤਮ ਹੋ ਜਾਣਗੇ। ਉਨ੍ਹਾਂ ਕਿਹਾ ਕਿ ਭਵਿੱਖ ਵਿੱਚ ਵੀ ਅਜਿਹੀਆਂ ਰੈਲੀਆਂ ਅਤੇ ਜਨਅੰਦੋਲਨ ਜਾਰੀ ਰਹਿਣਗੇ ਤਾਂ ਜੋ ਦੇਸ ਵਿੱਚ ਗਣਤੰਤਰਿਕ ਵਿਵਸਥਾ ਨੂੰ ਮਜ਼ਬੂਤ ਕੀਤਾ ਜਾ ਸਕੇ।

ਵਿਧਾਇਕ ਸ਼ੈਰੀ ਕਲਸੀ ਨੇ ਵਾਰਡ ਨੰਬਰ 2 ਵਿਖੇ ਸੜਕ ਬਣਾਉਣ ਦਾ ਕੰਮ ਸ਼ੁਰੂ ਕਰਵਾਇਆ

ਬਟਾਲਾ (ਡਾ. ਮਲਵਿੰਦਰ ਸਿੰਘ)-ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਵਿਧਾਇਕ ਅਮਨਸ਼ੇਰ ਸਿੰਘ

23 Jun Page-12.qxd 6/22/2025 10:17 PM Page 1

ਕਤਲ ਕੇਸ 'ਚ ਭਗੌੜਾ ਮੁਲਜ਼ਮ ਪਿਸਟਲ ਸਮੇਤ ਗ੍ਰਿਫ਼ਤਾਰ

ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ)- ਸੁਲਤਾਨਪੁਰ ਲੋਧੀ ਪੁਲਸ ਨੂੰ ਉਸ ਵੇਲੇ ਵੱਡੀ ਕਾਮਯਾਬੀ ਮਿਲੀ ਜਦੋਂ ਹਰਗੁਰਦੇਵ ਸਿੰਘ ਡੀ.ਐਸ.ਪੀ. ਸਬ ਡਵੀਜਨ ਸੁਲਤਾਨਪੁਰ ਲੋਧੀ ਦੀ ਅਗਵਾਈ ਤੇ ਇੰਸਪੈਕਟਰ ਸੋਨਮਦੀਪ ਕੌਰ ਮੁੱਖ ਅਫਸਰ ਥਾਣਾ ਸੁਲਤਾਨਪੁਰ ਲੋਧੀ ਦੀ ਨਿਗਰਾਨੀ ਵਿਚ ਕਤਲ ਕੇਸ ਦੇ ਕੇਸ ਵਿਚ ਲੋੜੀਂਦੇ ਮੁਲਜ਼ਮ ਗੁਰਪ੍ਰੀਤ ਸਿੰਘ ਉਰਫ ਗੋਪੀ ਪੁੱਤਰ ਬਲਰਾਜ ਸਿੰਘ ਵਾਸੀ ਸਰਾਏ ਖਾਸ, ਥਾਣਾ ਸਦਰ ਨਕੋਦਰ (ਜ਼ਿਲ੍ਹਾ ਜਲੰਧਰ) ਨੂੰ ਐਸ.ਆਈ ਰਜਿੰਦਰ ਸਿੰਘ ਨੇ ਗ੍ਰਿਫ਼ਤਾਰ ਕਰ ਲਿਆ ।ਉਸ ਕੋਲੋਂ ਇਕ ਪਿਸਟਲ ਵੀ ਬ੍ਰਾਮਦ ਕੀਤਾ ਗਿਆ ਹੈ । ਸੋਨਮਦੀਪ ਕੌਰ ਨੇ ਦੱਸਿਆ ਕਿ ਮਿਤੀ 5 ਜੂਨ 2024 ਨੂੰ ਕੁਲਬੀਰ ਸਿੰਘ ਉਰਫ ਮਿੱਠੂ ਪੁਤਰ ਬਲਦੇਵ ਸਿੰਘ ਵਾਸੀ ਲਾਟੀਆਵਾਲ ,ਥਾਣਾ ਸੁਲਤਾਨਪੁਰ ਲੋਧੀ ਦੇ ਬਿਆਨਾਂ 'ਤੇ ਕਤਲ ਕੇਸ ਦਾ ਮੁਕੱਦਮਾ ਨੰਬਰ 107 ਦਰਜ ਕੀਤਾ ਗਿਆ ਸੀ। ਉਸ ਨੇ ਬਿਆਨ ਵਿੱਚ ਲਿਖਵਾਇਆ ਸੀ ਕਿ ਜਤਿੰਦਰ ਸਿੰਘ ਉਰਫ ਵਿੱਕੀ ਪੁੱਤਰ ਤੀਰਥ ਰਾਮ ਵਾਸੀ ਕੌਲਪੁਰ ,ਥਾਣਾ ਸਦਰ ਕਪੂਰਥਲਾ, ਗੁਰਪ੍ਰੀਤ ਸਿੰਘ ਉਰਫ ਗੋਪੀ ਵਾਸੀ ਕੱਚੀ ਸਰਾਂ, ਸੰਦੀਪ ਸਿੰਘ ਉਰਫ ਸੀਪਾ ਪੁੱਤਰ ਰਾਮ ਚੰਦ ਵਾਸੀ ਕੌਲਪੁਰ ਨੇ ਸੇਵਾ ਸਿੰਘ ਉਰਫ ਬਿੱਲਾ ਪੁੱਤਰ ਪਾਲ ਸਿੰਘ ਵਾਸੀ ਲਾਟੀਆਂਵਾਲ ਦੇ ਵੱਖੀ ਵਿੱਚ ਗੋਲੀ ਮਾਰੀ ਸੀ ਤੇ ਇਲਾਜ ਦੌਰਾਨ ਸੇਵਾ ਸਿੰਘ ਦੀ ਮੌਤ ਹੋ ਗਈ ਸੀ ।ਉਨ੍ਹਾਂ ਦੱਸਿਆ ਕਿ ਗੁਰਪ੍ਰੀਤ ਸਿੰਘ ਉਰਫ ਗੋਪੀ ਪੁੱਤਰ ਬਲਰਾਜ ਸਿੰਘ ਵਾਸੀ ਸਰਾਏ ਖਾਸ, ਥਾਣਾ ਸਦਰ ਨਕੋਦਰ, ਜ਼ਿਲ੍ਹਾ ਜਲੰਧਰ ਨੂੰ ਕਾਬੂ ਕੀਤਾ ਗਿਆ ਤੇ ਅਦਾਲਤ ਵਿੱਚ ਪੇਸ਼ ਕਰਕੇ ਪੁਲਸ ਰਿਮਾਂਡ ਹਾਸਲ ਕੀਤਾ। ਦੌਰਾਨੇ ਪੁਲਸ ਰਿਮਾਂਡ ਮੁਲਜ਼ਮ ਗੁਰਪ੍ਰੀਤ ਸਿੰਘ ਉਰਫ ਗੋਪੀ ਉਕਤ ਪਾਸੋਂ ਵਾਰਦਾਤ ਸਮੇਂ ਵਰਤਿਆ ਗਿਆ ਪਿਸਟਲ ਬਰਾਮਦ ਕੀਤਾ ਗਿਆ ਹੈ ਅਤੇ ਉਸ ਤੋਂ ਹੋਰ ਪੁੱਛਗਿੱਛ ਕੀਤੀ ਜਾ ਰਹੀ ਹੈ ।

ਜ਼ਿਲ੍ਹੇ ਦੀਆਂ ਸੜਕਾਂ 'ਤੇ ਓਵਰਲੋਡਿਡ ਟਰੈਕਟਰ-ਟਰਾਲੀਆਂ ਮੌਤ ਬਣ ਕੇ ਦੌੜ ਰਹੀਆਂ

ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)- ਸਮੁੱਚੇ ਜ਼ਿਲ੍ਹਾ ਹੁਸ਼ਿਆਰਪੁਰ ਦੀਆਂ ਸੜਕਾਂ 'ਤੇ ਟ੍ਰੈਫਿਕ ਪੁਲਸ ਅਤੇ ਆਰ ਟੀ ਓ ਦਫਤਰ ਦੇ ਉਦਾਸੀਨਤਾ ਵਾਲੇ ਰਵੱਈਏ ਕਾਰਨ ਓਵਰਲੋਡਿਡ ਟਰੈਕਟਰ-ਟਰਾਲੀਆਂ ਮੌਤ ਬਣ ਕੇ ਦੌੜ ਰਹੀਆਂ ਹਨ ਜਦਕਿ ਆਪਣੇ ਖੂਨ ਪਸੀਨੇ ਦੀ ਕਮਾਈ ਵਿੱਚੋਂ ਟੈਕਸ ਰਾਹੀਂ ਸਰਕਾਰੀ ਖਜ਼ਾਨਾ ਭਰਨ ਵਾਲੇ ਆਮ ਲੋਕਾਂ ਦੀ ਜ਼ਿੰਦਗੀ ਦੀ ਸਰਕਾਰ ਨੂੰ ਕੋਈ ਪ੍ਰਵਾਹ ਨਹੀਂ ਸਗੋਂ ਰੱਬ ਆਸਰੇ ਹੀ ਦੇਸ਼ ਦੇ ਆਮ ਬਸ਼ਿੰਦੇ ਦੀ ਗੱਡੀ ਰਿੜ੍ਹੀ ਜਾ ਰਹੀ ਹੈ । ਦਿਨ ਢਲਦੇ ਹੀ ਜ਼ਿਲ੍ਹੇ ਵਿੱਚ ਮੌਤ ਦਾ ਤਾਂਡਵ ਸ਼ੁਰੂ ਹੋ ਜਾਂਦਾ ਹੈ ਜੋ ਦਿਨ ਚੜ੍ਹਦੇ ਤੱਕ ਬਿਨਾਂ ਕਿਸੇ ਰੋਕ ਟੋਕ ਦੇ ਜਾਰੀ ਰਹਿੰਦਾ ਹੈ। ਇਹ ਵੀ ਨਹੀਂ ਕਿ ਜ਼ਿਲ੍ਹਾ ਪ੍ਰਸ਼ਾਸਨ ਨੂੰ ਇਸ ਖੇਡ ਦੀ ਕੋਈ ਖਬਰ ਨਾ ਹੋਵੇ, ਸਗੋਂ ਸਰਕਾਰਾਂ ਦੇ ਹੀ ਕੁਝ ਭ੍ਰਿਸ਼ਟ ਸਰਕਾਰੀ ਅਧਿਕਾਰੀ ਅਤੇ ਰਾਜਨੀਤਿਕ ਲੋਕ ਖੁਦ ਹੀ ਇਸ ਕਾਲੀ ਕਮਾਈ ਦੇ ਵੱਡੇ ਸ੍ਰੋਤ ਨੂੰ ਬੰਦ ਨਹੀਂ ਹੋਣ ਦੇਣਾ ਚਾਹੁੰਦੇ ਅਤੇ ਉਲਟਾ ਸੁਰੱਖਿਆ ਛਤਰੀ ਮੁਹਈਆ ਕਰਵਾਉਣ ਵਿੱਚ ਜੁਟੇ ਹੋਏ ਹਨ । ਦਿਨ ਢਲਦੇ ਹੀ ਸਮੁੱਚੇ ਜ਼ਿਲ੍ਹੇ ਅੰਦਰ ਵਾਹਨਾਂ ਦੀ ਓਵਰਲੋਡਿੰਗ ਦਾ ਖੇਡ ਸ਼ੁਰੂ ਹੋ ਜਾਂਦਾ ਹੈ। ਇਹ ਓਵਰਲੋਡਿੰਗ ਭਾਵੇਂ ਮਾਈਨਿੰਗ ਕਾਰਨ ਹੋਵੇ, ਜੰਗਲਾਂ ਵਿੱਚੋਂ ਨਜਾਇਜ਼ ਦਰੱਖਤਾਂ ਦੀ ਕਟਾਈ ਕਾਰਨ ਹੋਵੇ ਜਾਂ ਖੁਦ ਪਿੰਡਾਂ ਦੇ ਲੋਕਾਂ ਖਾਸ ਕਰਕੇ ਕਿਸਾਨਾਂ ਵੱਲੋਂ ਆਪਣੀਆਂ ਜਿਨਸਾਂ ਨੂੰ ਮੰਡੀ ਵਿੱਚ ਢੋਆ ਢੁਆਈ ਕਾਰਨ ਹੋਵੇ, ਇਨ੍ਹਾਂ ਕਾਰਨਾਂ ਨੂੰ ਲੈ ਕੇ ਜ਼ਿਲ੍ਹੇ ਵਿੱਚ ਹਰ ਰੋਜ਼ ਕਿਤੇ ਨਾ ਕਿਤੇ ਹਾਦਸੇ ਵਾਪਰਦੇ ਰਹਿੰਦੇ ਹਨ। ਪਰ ਇਸ ਦੇ ਬਾਵਜੂਦ, ਓਵਰਲੋਡਿੰਗ ਰੁਕਣ ਦਾ ਨਾਂਅ ਨਹੀਂ ਲੈ ਰਹੀ। ਆਵਾਜਾਈ ਨਾਲ ਸੰਬੰਧਤ ਪ੍ਰਮੁੱਖ ਤੌਰ 'ਤੇ ਜ਼ਿੰਮੇਵਾਰ ਟਰਾਂਸਪੋਰਟ ਵਿਭਾਗ ਅਤੇ ਪੁਲਸ ਵੀ ਉਨ੍ਹਾਂ ਵਿਰੁੱਧ ਕੋਈ ਕਾਰਵਾਈ ਨਹੀਂ ਕਰ ਰਹੀ । ਜ਼ਿਲ੍ਹੇ ਵਿੱਚ ਇਸ ਵੇਲੇ ਸਭ ਤੋਂ ਵੱਧ ਓਵਰਲੋਡਿਡ ਟਰੈਕਟਰ ਟਰਾਲੀਆਂ ਦੀ ਆਵਾਜਾਈ ਹੁਸ਼ਿਆਰਪੁਰ ਦਸੂਹਾ ਨੈਸ਼ਨਲ ਹਾਈਵੇਅ

'ਤੇ ਨਜਾਇਜ਼ ਤੌਰ 'ਤੇ ਚੱਲ ਰਹਿਆ ਗੈਰ ਕਾਨੂੰਨੀ ਲੱਕੜ ਮੰਡੀ ਵੱਲ ਲੱਗੀ ਹੋਈ ਹੈ ਹਾਲਾਂਕਿ ਕਾਫੀ ਸਾਲ ਪਹਿਲਾਂ ਤੋਂ ਸਰਕਾਰ ਵੱਲੋਂ ਹਰਿਆਣਾ ਢੋਲਬਾਹਾ ਰੋਡ ਤੇ ਨੁਸ਼ਹਿਰਾ ਪਿੰਡ ਨਜ਼ਦੀਕ ਲੱਕੜ ਮੰਡੀ ਸਰਕਾਰੀ ਤੌਰ 'ਤੇ ਬਣਾ ਕੇ ਦਿੱਤੀ ਹੋਈ ਹੈ ਪਰ ਇਹ ਵਰਤੋਂ ਵਿੱਚ ਨਾ ਆਉਣ ਕਾਰਨ ਚਿੱਟਾ ਹਾਥੀ ਦਾ ਰੂਪ ਧਾਰਨ ਕਰ ਚੁੱਕੀ ਹੈ। ਇਸ ਇਲਾਕੇ ਵਿੱਚ ਪੂਰੇ ਐਲ ਪੀ ਟਰੱਕ ਦਾ ਮਾਲ ਲੱਦ ਕੇ ਚੱਲ ਰਹੀਆਂ ਟਰੈਕਟਰ ਟਰਾਲੀਆਂ ਯਮਦੂਤ ਬਣ ਚੁੱਕੀਆਂ ਹਨ ਜਿੱਥੇ ਬਹੁਤ ਸਾਰੀਆਂ ਕੀਮਤੀ ਜਾਨਾਂ ਮਿੱਟੀ ਹੋ ਚੁੱਕੀਆਂ ਹਨ ਪਰ ਜ਼ਿਲ੍ਹਾ ਹੁਸ਼ਿਆਰਪੁਰ ਦੇ ਪ੍ਰਸ਼ਾਸਨ ਦੇ ਕੰਨਾਂ 'ਤੇ ਜੂੰਅ ਤੱਕ ਨਹੀਂ ਰੇਂਗ ਰਹੀ । ਜਦੋਂ ਕਿ ਬਿਨਾਂ ਪਰਮਿਟ ਦੇ ਇਹ ਸਾਰੀ ਓਵਰਲੋਡਿੰਗ ਹੋ ਰਹੀ ਹੈ। ਇਸ ਦੇ ਨਾਲ ਹੀ ਟਰੈਕਟਰ-ਟਰਾਲੀਆਂ 'ਤੇ ਰਿਫਲੈਕਟਰ ਨਹੀਂ ਲਗਾਏ ਜਾਂਦੇ । ਇਨ੍ਹਾਂ ਵਾਹਨਾਂ ਦੇ ਡਰਾਈਵਰ ਜ਼ਿਆਦਾ ਕਿਰਾਇਆ ਕਮਾਉਣ ਲਈ ਟਰਾਲੀਆਂ ਨੂੰ ਓਵਰਲੋਡ ਕਰਦੇ ਹਨ। ਦਰਅਸਲ ਟਰੱਕਾਂ ਦੀ ਬਜਾਏ, ਟਰੈਕਟਰ ਟਰਾਲੀਆਂ ਰਾਹੀਂ ਹੋ ਰਹੀ ਇਸ ਓਵਰ ਲੋਡਿੰਗ ਵਿੱਚ ਟਰਾਂਸਪੋਰਟ ਵਿਭਾਗ ਅਤੇ ਪੁਲਸ ਦੀ ਮਿਲੀਭੁਗਤ ਵੀ ਸਾਹਮਣੇ ਆ ਰਹੀ ਹੈ। ਆਮ ਆਦਮੀ ਪਾਰਟੀ ਦੇ ਸਮਰਥਕ ਅਤੇ ਨਜ਼ਦੀਕੀ ਪਿੰਡ ਸੱਜਣਾਂ ਦੇ ਸਰਪੰਚ ਪਰਵਿੰਦਰ ਸਿੰਘ ਸੱਜਣਾਂ ਨੇ ਸੋਸ਼ਲ ਮੀਡੀਆ 'ਤੇ ਕੀਤੀ ਪੋਸਟ ਵਿੱਚ ਇਹ ਲਿਖਿਆ ਹੈ ਕਿ ਦੋ ਟਰਾਲੀਆਂ ਦਾ ਮਾਲ ਇੱਕ ਉਤੇ ਲੱਦ ਕੇ ਸਰਕਾਰ ਨੂੰ ਚੂਨਾ ਲਗਾ ਰਹੇ ਹਨ, ਇੱਕ ਪਰਚੀ ਦੇ ਪੈਸੇ ਬਚਾਉਣ ਲਈ ਇਹ ਸਵਾਰਥੀ ਲੋਕ ਆਮ ਲੋਕਾਂ ਦੀਆਂ ਜ਼ਿੰਦਗੀਆਂ ਨਾਲ ਖਿਲਵਾੜ ਕਰ ਰਹੇ ਹਨ। ਲੱਖਾਂ ਰੁਪਏ ਟੈਕਸ ਤਾਰ ਵੀ ਪਹਿਲਾਂ ਹੀ ਘਾਟੇ ਵਿਚ ਚੱਲ ਰਹੇ ਟਰੱਕਾਂ ਵਾਲਿਆਂ ਦੇ ਢਿੱਡ ਉੱਤੇ ਲੱਤ ਮਾਰਦੇ ਹੋਏ ਉਨ੍ਹਾਂ ਦੇ ਕਾਰੋਬਾਰ ਨੂੰ ਫੇਲ੍ਹ ਕਰਨ ਵਿੱਚ ਅਜਿਹੇ ਲੋਕਾਂ ਦਾ ਵੱਡਾ ਰੋਲ ਹੈ ਕਿਉਂਕਿ ਟਰਾਲੀਆਂ ਟਰੈਕਟਰ ਖੇਤੀ ਦੇ ਕੰਮਾਂ ਲਈ ਹਨ, ਇਹਨਾਂ ਲੋਕਾਂ ਦੇ ਭਾੜੇ ਢੋਹਣ ਲਈ ਨਹੀਂ ਹਨ। ਸੰਬੰਧਤ ਆਤ੍ਰਤੀਆਂ ਨੂੰ ਬੁਲਾ ਕੇ ਵੀ ਇਹਨਾਂ ਬੇਹੱਦ ਓਵਰਲੋਡਿਡ ਟਰਾਲੀਆਂ ਬਾਰੇ ਗੱਲ ਕੀਤੀ ਪਰ ਉਹਨਾਂ ਨੇ ਕੁਝ ਪੱਲੇ ਨਹੀਂ ਪਾਇਆ ।

ਨਗਰ ਕੌਂਸਲ ਕਰਮਚਾਰੀਆਂ ਨੇ ਲਗਾਈ ਠੰਢੇ ਮਿੱਠੇ ਜਲ ਦੀ ਛਬੀਲ

ਬਲਾਚੌਰ (ਜਸਵਿੰਦਰ ਬੈਂਸ)- ਨਗਰ ਕੌਂਸਲ ਬਲਾਚੌਰ ਦੇ ਸਮੂਹ ਕਰਮਚਾਰੀਆਂ ਵੱਲੋਂ ਠੰਡੇ ਮਿੱਠੇ ਜਲ ਦੀ ਛਬੀਲ ਅਤੇ ਛੋਲਿਆਂ ਦਾ ਲੰਗਰ ਲਗਾਇਆ ਗਿਆ। ਲੋਕਾਂ ਵੱਲੋਂ ਬੜੇ ਪਿਆਰ ਅਤੇ ਸਤਿਕਾਰ ਨਾਲ ਰੁੱਕ ਕੇ ਠੰਡੇ ਮਿੱਠੇ ਜਲ ਦਾ ਸੇਵਨ ਅਤੇ ਛੋਲਿਆਂ ਦਾ ਪ੍ਰਸ਼ਾਦ ਲਿਆ ਗਿਆ। ਇਸ ਦੌਰਾਨ ਬਲਾਚੌਰ ਨਗਰ ਕੌਂਸਲ ਦੇ ਪ੍ਰਧਾਨ ਸੁਨੀਲ ਕੌਸ਼ਲ (ਲਾਡੀ ਰਾਣਾ) ਨੇ ਕਰਮਚਾਰੀਆਂ ਵੱਲੋਂ ਕੀਤੇ ਗਏ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਹੋਇਆਂ ਕਿਹਾ ਕਿ ਹਰ ਇੱਕ ਵਿਅਕਤੀ ਨੂੰ ਆਪਣੇ ਦਸਾਂ ਨੁੰਹਾਂ ਦੀ ਕਮਾਈ ਵਿੱਚੋਂ ਦਸਵੰਧ ਕੱਢ ਕੇ ਸਮਾਜ ਸੇਵਾ ਦੇ ਕਾਰਜਾਂ ਨੂੰ ਤਰਜੀਹ ਦੇਣੀ ਚਾਹੀਦੀ ਹੈ। ਇਸ ਮੌਕੇ ਵਾਈਸ ਪ੍ਰਧਾਨ ਰਣਜੀਤ ਸਿੰਘ ਕਾਕਾ, ਕੌਂਸਲਰ ਨਿਰਮਲਾ ਰਾਣੀ, ਕੌਂਸਲਰ ਕੁਸ਼ਮ ਕੌਂਸਲ, ਹਰਦੀਪ ਮਿੱਤਲ, ਵਿਸ਼ੂ ਰਾਣਾ, ਵਿਜੇ ਚੌਧਰੀ, ਰਵੀ ਕੁਮਾਰ, ਅਜੈ ਕੁਮਾਰ, ਸੰਤੋਖ ਸਿੰਘ (ਤੁੱਕਾ), ਧਰਮ ਪਾਲ, ਹੈਪੀ, ਸਮੂਹ ਨਗਰ ਕੌਂਸਲ ਕਰਮਚਾਰੀ ਅਤੇ ਹੋਰ ਵੱਖ-ਵੱਖ ਸ਼ਖਸ਼ੀਅਤਾਂ ਹਾਜ਼ਰ ਸਨ।

ਯੋਗਾ ਦਿਵਸ ਮਨਾਇਆ

ਮਹਿਤਪੁਰ (ਰਾਜਾ) ਭਾਰਤ ਸਰਕਾਰ ਅਤੇ ਸਿੱਖਿਆ ਵਿਭਾਗ ਪੰਜਾਬ ਦੀਆਂ ਹਦਾਇਤਾਂ ਅਨੁਸਾਰ ਪੀ ਐਮ ਸ੍ਰੀ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਮਹਿਤਪੁਰ ਵਿਖੇ ਯੋਗਾ

ਦਿਵਸ ਮਨਾਇਆ ਗਿਆ। ਯੋਗਾ ਇੰਸਟਰਕਟਰ ਅੰਮ੍ਰਿਤਪਾਲ ਕੌਰ ਅਤੇ ਡੀ ਪੀ ਈ ਨਵਜੀਤ ਕੌਰ ਨੇ ਵੱਖ ਵੱਖ ਆਸਣਾਂ ਅਤੇ ਪ੍ਰਾਣਾਯਾਮ ਦਾ ਅਭਿਆਸ ਕਰਵਾਇਆ। ਸਕੂਲ ਇੰਚਾਰਜ ਨਰੇਸ਼ ਕੁਮਾਰ ਨੇ ਕਿਹਾ ਕਿ ਭਾਰਤ ਸਰਕਾਰ ਵੱਲੋਂ ਇਸ ਸਾਲ 11ਵਾਂ ਅੰਤਰਰਾਸ਼ਟਰੀ ਯੋਗਾ ਦਿਵਸ ਮਨਾਇਆ ਜਾ ਰਿਹਾ ਹੈ। ਇਸ ਵਾਰ ਯੋਗਾ ਦਿਵਸ ਦਾ ਨਾਅਰਾ ਹੈ, 'ਇੱਕ ਧਰਤੀ, ਇੱਕ ਸਿਹਤ'। ਉਹਨਾਂ ਨੇ ਇਸ ਮੌਕੇ ਵਿਦਿਆਰਥੀਆਂ ਨੂੰ ਸਰੀਰਕ ਅਤੇ ਮਾਨਸਿਕ ਸਿਹਤ ਲਈ ਯੋਗ ਦੀ ਮਹੱਤਤਾ ਤੋਂ ਜਾਣੂ ਕਰਵਾਇਆ। ਇਸ ਮੌਕੇ ਸਕੂਲ ਦਾ ਸਮੂਹ ਸਟਾਫ ਹਾਜ਼ਰ ਰਿਹਾ।

ਯੁਵਕ ਸੇਵਾਵਾਂ ਕਲੱਬ ਭੁੱਲਾਰਾਈ ਨੇ ਵੋਕੇਸ਼ਨਲ ਸੈਂਟਰ ਵਿਖੇ ਮਨਾਇਆ ਵਿਸ਼ਵ ਯੋਗਾ ਦਿਵਸ

ਫਗਵਾੜਾ (ਡਾ. ਰਮਨ) ਯੁਵਕ ਸੇਵਾਵਾਂ ਵਿਭਾਗ ਕਪੂਰਥਲਾ ਦੇ ਸਹਾਇਕ ਡਾਇਰੈਕਟਰ ਰਵੀ ਦਾਰਾ ਦੇ ਨਿਰਦੇਸ਼ਾਂ ਅਨੁਸਾਰ ਯੁਵਕ ਸੇਵਾਵਾਂ ਕਲੱਬ ਭੁੱਲਾਰਾਈ ਵਲੋਂ ਸਰਬ ਨੌਜਵਾਨ ਸਭਾ ਅਤੇ ਸਰਬ ਨੌਜਵਾਨ ਵੈਲਫੇਅਰ ਸੁਸਾਇਟੀ ਦੇ ਸਹਿਯੋਗ ਨਾਲ ਵਿਸ਼ਵ ਯੋਗਾ ਦਿਵਸ ਮੌਕੇ ਸਥਾਨਕ ਸਕੀਮ ਨੰਬਰ 3, ਹੁਸ਼ਿਆਰਪੁਰ ਰੋਡ ਵਿਖੇ, ਸੋਸਵਾ ਪੰਜਾਬ ਦੇ ਸਹਿਯੋਗ ਨਾਲ ਚਲਾਏ ਜਾ ਰਹੇ ਸਰਬ ਨੌਜਵਾਨ ਸਭਾ ਦੇ ਵੋਕੇਸ਼ਨਲ ਸੈਂਟਰ 'ਚ ਯੋਗਾ ਕਲਾਸ ਲਗਾਈ ਗਈ। ਇਸ ਦੌਰਾਨ ਕਲੱਬ ਦੇ ਪ੍ਰਧਾਨ ਜਸ਼ਨਪ੍ਰੀਤ ਅਤੇ ਮੈਡਮ ਤਨੂ ਦੀ ਦੇਖ-ਰੇਖ ਹੇਠ ਸੈਂਟਰ ਦੀਆਂ ਸਿੱਖਿਆਰਥਣਾਂ ਨੇ ਯੋਗ ਆਸਨ ਅਤੇ ਯੋਗ ਕ੍ਰਿਆਵਾਂ ਕੀਤੀਆਂ। ਇਸ ਮੌਕੇ ਵਿਸ਼ੇਸ਼ ਤੌਰ ਤੇ ਪਹੁੰਚੇ ਸਰਬ ਨੌਜਵਾਨ ਸਭਾ ਦੇ ਪ੍ਰਧਾਨ ਸੁਖਵਿੰਦਰ ਸਿੰਘ ਨੇ ਯੁਵਕ ਸੇਵਾਵਾਂ ਕਲੱਬ ਦੇ ਉਪਰਾਲੇ ਦੀ ਸ਼ਲਾਘਾ ਕੀਤੀ। ਉਹਨਾਂ ਕਿਹਾ ਕਿ ਯੋਗ ਭਾਰਤ ਦੀ ਪ੍ਰਾਚੀਨ ਵਿਰਾਸਤ ਹੈ, ਜਿਸ ਨੂੰ ਅੱਜ ਦੁਨੀਆ ਵਲੋਂ ਵੀ ਅਪਣਾਇਆ ਜਾ ਰਿਹਾ ਹੈ, ਜੋ ਕਿ ਸਾਡੇ ਲਈ ਬਹੁਤ ਮਾਣ ਵਾਲੀ ਗੱਲ ਹੈ। ਇਸ ਮੌਕੇ ਰਾਕੇਸ਼ ਕੋਛੜ, ਨਰਿੰਦਰ ਸਿੰਘ ਸੈਣੀ, ਗੁਲਸ਼ਨ ਕਪੂਰ, ਗੁਰਦੀਪ ਸਿੰਘ ਤੁਲੀ, ਜਗਜੀਤ ਸੇਠ, ਚਰਨਜੀਤ ਸਿੰਘ, ਕਰਮਜੀਤ ਸਿੰਘ, ਡਾ. ਵਿਜੇ ਕੁਮਾਰ, ਮਨਦੀਪ ਬਾਸੀ, ਸ਼ੁਭਮ ਸ਼ਰਮਾ ਮੈਡਮ ਸਪਨਾ

ਸ਼ਾਰਦਾ, ਮੈਡਮ ਆਸ਼ੂ ਬੱਗਾ, ਮੈਡਮ ਗੁਰਜੀਤ ਕੌਰ, ਗੁਰਸ਼ਰਨ ਬਾਸੀ, ਤੋਂ ਇਲਾਵਾ ਸੈਂਟਰ ਦੀਆਂ ਸਿਖਿਆਰਥਣਾਂ ਸਿਮਰਨ, ਅਮਨਪ੍ਰੀਤ, ਕੋਮਲ, ਕਿਰਮਨ, ਹਰਮਨ, ਪ੍ਰਿਯੰਕਾ, ਹਰਪ੍ਰੀਤ, ਨੀਰਜ, ਸਨੇਹਾ, ਜਸਪ੍ਰੀਤ, ਪ੍ਰਿਆ, ਗੀਟਾ, ਨੇਹਾ, ਰਿੰਪੀ ਰਾਣੀ, ਸੁਰਜੀਤ, ਖੁਸ਼ੀ, ਰਜਨੀ, ਜਸਪ੍ਰੀਤ ਕੌਰ, ਸਨੇਹਾ, ਈਸ਼ਾ, ਮੁਸਕਾਨ ਸ਼ਰਮਾ, ਆਰਤੀ, ਸਲੋਨੀ ਯਾਦਵ, ਕੌਸ਼ਲਿਆ, ਰੋਸ਼ਨੀ, ਪਿੰਕੀ, ਗੁਰਪ੍ਰੀਤ ਕੌਰ, ਹਰਪ੍ਰੀਤ ਕੌਰ, ਮਨਪ੍ਰੀਤ ਕੌਰ, ਨਿਸ਼ਾ, ਮਨਰਾਜ, ਭਾਵਨਾ, ਕਮਲ, ਗੁਰਪ੍ਰੀਤ ਕੌਰ, ਰਮਨਦੀਪ, ਜੋਤੀ, ਰੇਣੂਕਾ, ਗੁਰਜੀਤ, ਮਹਿਕ, ਸੋਨੀਆ, ਬਲਜੀਤ, ਜੈਸਮੀਨ, ਅਮਨਪ੍ਰੀਤ, ਜਯੋਤੀ, ਲਵਦੀਪ, ਜਸਦੀਪ ਆਦਿ ਹਾਜ਼ਰ ਸਨ।

ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਨੇ ਮਨਾਇਆ ਅੰਤਰਰਾਸ਼ਟਰੀ ਯੋਗ ਦਿਵਸ

ਜਲੰਧਰ (ਸੁਰਿੰਦਰ ਕੁਮਾਰ) ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਜ਼ਿਲਾ ਅਤੇ ਸੈਸ਼ਨ ਜੱਜ-ਕਮ-ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਜਲੰਧਰ ਨਿਰਭਉ ਸਿੰਘ ਗਿੱਲ ਅਤੇ ਸੀ.ਜੇ.ਐਮ-ਕਮ-ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਜਲੰਧਰ ਰਾਹੁਲ ਕੁਮਾਰ ਦੀ ਯੋਗ ਰਹਿਨੁਮਾਈ ਹੇਠ ਅੰਤਰਰਾਸ਼ਟਰੀ ਯੋਗ ਦਿਵਸ-2025 ਬੜੇ ਉਤਸ਼ਾਹ ਨਾਲ ਮਨਾਇਆ ਗਿਆ। ਇਹ ਸਮਾਗਮ ਜ਼ਿਲ੍ਹਾ ਕੋਰਟ ਕੰਪਲੈਕਸ ਵਿਖੇ ਕਰਵਾਇਆ ਗਿਆ, ਜਿਸ ਵਿੱਚ ਕਾਨੂੰਨੀ ਪੇਸ਼ੇਵਰਾਂ, ਕਰਮਚਾਰੀਆਂ, ਲੀਗਲ ਏਡ ਡਿਫੈਂਸ ਕੌਂਸਲ, ਪੈਰਾ ਲੀਗਲ ਵਲੰਟੀਅਰਾਂ ਤੋਂ ਇਲਾਵਾ ਆਮ ਲੋਕਾਂ ਨੇ ਸਰਗਰਮੀ ਨਾਲ ਭਾਗ ਲਿਆ।ਹਰ ਸਾਲ 21 ਜੂਨ ਨੂੰ ਮਨਾਏ ਜਾਂਦੇ ਅੰਤਰਰਾਸ਼ਟਰੀ ਯੋਗ ਦਿਵਸ ਦਾ ਉਦੇਸ਼ ਸਰੀਰਕ ਅਤੇ ਮਾਨਸਿਕ ਸਿਹਤ ਲਈ ਯੋਗ ਅਭਿਆਸ ਦੇ ਅਣਗਿਣਤ ਲਾਭਾਂ ਬਾਰੇ ਵਿਸ਼ਵਵਿਆਪੀ ਜਾਗਰੂਕਤਾ ਪੈਦਾ ਕਰਨਾ ਹੈ। ਇਸ ਸਾਲ ਦਾ ਵਿਸ਼ਾ 'ਇੱਕ ਧਰਤੀ, ਇੱਕ ਸਿਹਤ ਲਈ ਯੋਗ' ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਸਭ ਦੇ ਕਲਿਆਣ ਅਤੇ ਨਿਆਂ ਤੱਕ ਪਹੁੰਚ ਨੂੰ ਉਤਸ਼ਾਹਿਤ ਕਰਨ ਦੇ ਮਿਸ਼ਨ ਨਾਲ ਡੂੰਘਾਈ ਨਾਲ ਜੁੜਿਆ ਹੋਇਆ ਹੈ।

ਇਸ ਦੌਰਾਨ ਸ਼ਾਂਤੀ, ਸਦਭਾਵਨਾ ਅਤੇ ਤਣਾਅ-ਮੁਕਤ ਜੀਵਨ ਨੂੰ ਉਤਸ਼ਾਹਿਤ ਕਰਨ ਵਿੱਚ ਯੋਗ ਦੀ ਮਹੱਤਤਾ 'ਤੇ ਜ਼ੋਰ ਦਿੱਤਾ ਗਿਆ। ਯੋਗ ਇੰਸਟ੍ਰਕਟਰ ਸਮਿਤਾ ਕਪੂਰ, ਕੁਸਮ ਗੁਪਤਾ ਅਤ